# ਪੰਜਾਬੀ ਪਰਵਾਜ਼

Punjabi Parwaz

ਅੰਕ ਦੂਜਾ: 10 ਜੂਨ 2023 (ਸ਼ਿਕਾਗੋ)

ਲੋਕ-ਪੱਖੀ ਤੇ ਮਿਆਰੀ ਵਿਚਾਰਾਂ ਦੀ ਸਾਂਝ

e-mail: punjabiparwaz@gmail.com

www.punjabiparwaz.com


# 1984: ਦਰਬਾਰ ਸਾਹਿਬ ਉਤੇ ਫੌਜੀ ਹਮਲੇ ਦੀ ਯੋਜਨਾ



ਕੇਂਦਰ ਸਰਕਾਰ ਨੇ ਪੰਜਾਬ ਨਾਲ ਸਬੰਧਤ ਮਸਲਿਆਂ ਨੂੰ ਸੁਲਝਾਉਣ ਦੀ ਥਾਂ ਸ੍ਰੀ ਦਰਬਾਰ ਸਾਹਿਬ ਉਤੇ 30 ਮਹੀਨੇ ਪਹਿਲਾਂ ਹਮਲਾ ਕਰਕੇ ਵੱਧ ਤੋਂ ਵੱਧ ਸਿੱਖਾਂ ਨੂੰ ਮਾਰ ਮੁਕਾਉਣਾ ਦਾ ਹੀ ਮਨ ਬਣਾ ਲਿਆ ਸੀ। ਫਿਰ ਸਰਕਾਰ ਨੇ ਸੋਚੀ ਸਮਝੀ ਸਾਜ਼ਿਸ਼ ਤਹਿਤ ਕਾਰਵਾਈ ਦਾ ਦਿਨ ਪੰਚਮ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਪੁਰਬ ਨੂੰ ਚੁਣਿਆ, ਕਿਉਂਕਿ ਉਸ ਦਿਨ ਪੰਜਾਬ ਭਰ ਵਿੱਚੋਂ ਵੱਡੀ ਗਿਣਤੀ ਵਿੱਚ ਸਿੱਖ ਸੰਗਤਾਂ ਦਰਬਾਰ ਸਾਹਿਬ ਨਤਮਸਤਕ ਹੋਣ ਜਾਂਦੀਆਂ ਹਨ। ਕੇਂਦਰ ਦੀ ਨੀਅਤ ਖੋਟੀ ਨਾ ਹੁੰਦੀ ਤਾਂ ਉਹ ਸਿੱਖ ਮਸਲਿਆਂ ਨੂੰ ਹੱਲ ਕਰਕੇ ਫੌਜੀ ਕਾਰਵਾਈ ਤੋਂ ਪਾਸਾ ਵੱਟਣ ਦੇ ਨਾਲ-ਨਾਲ ਮਨੁੱਖੀ ਨੁਕਸਾਨ ਨੂੰ ਘਟਾਉਣ, ਹਮਲੇ ਲਈ ਕੋਈ ਹੋਰ ਦਿਨ ਜਾਂ ਹੋਰ ਤਰੀਕਾ ਵੀ ਅਪਣਾ ਸਕਦੀ ਸੀ, ਪਰ ਫੌਜੀ ਕਰਵਾਈ ਬਾਰੇ ਪਹਿਲਾਂ ਤੋਂ ਮਨ ਬਣਾਈ ਬੈਠੀ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਫੌਜ ਮੁਖੀਆਂ ਤੇ ਹੋਰ ਸਲਾਹਕਾਰਾਂ ਦੀ ਇੱਕ ਵੀ ਨਾ ਮੰਨੀ।

ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀਆਂ ਰਗਾਂ ਵਿੱਚ ਦਸਵੇਂ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦਿਆਂ ਨੂੰ ਫੜਾਉਣ ਵਾਲੇ ਗੰਗੂ ਬ੍ਰਾਹਮਣ ਤੇ ਦੇਸ਼ ਦੀ ਆਜ਼ਾਦੀ ਤੋਂ ਬਾਅਦ ਸਿੱਖ ਜਗਤ ਦੇ ਕਥਿਤ ਵਿਸ਼ਵਾਸ਼ਘਾਤੀ ਪੰਡਿਤ


ਗੁਰਨਾਮ ਸਿੰਘ ਚੌਹਾਨ

ਫੋਨ: +91-94630-37399




ਜਵਾਹਰ ਲਾਲ ਨਹਿਰੂ ਦਾ ਖ਼ੂਨ ਦੌੜਦਾ ਹੋਣ ਕਾਰਨ ਉਸ ਨੇ ਐਮਰਜੈਂਸੀ ਦਾ ਜ਼ੋਰਦਾਰ ਵਿਰੋਧ ਕਰਨ ਵਿਚ ਮੋਹਰੀ ਭੂਮਿਕਾ ਨਿਭਾਉਣ ਵਾਲੇ ਪੰਜਾਬੀਆਂ ਤੋਂ ਬਦਲਾ ਲੈਣ ਤੇ ਸਿੱਖਾਂ ਦੀ ਨਸਲਕੁਸ਼ੀ ਕਰਨ ਦੇ ਇਰਾਦੇ ਨਾਲ ਮਈ 1984 ਦੇ ਅਖੀਰ ਤੱਕ ਪੰਜਾਬ ਵਿੱਚ ਫੌਜ ਦੀਆਂ 6 ਡਵੀਜਨਾਂ ਤਾਇਨਾਤ ਕਰਕੇ ਕਮਾਂਡੋ ਦਸਤੇ ਅੰਮ੍ਰਿਤਸਰ ਭੇਜ ਦਿੱਤੇ ਸਨ।

'ਮਾਉਟਾ 1949' ਦੇ ਪੰਨਾ-1 ਉਤੇ ਨਹਿਰੂ ਖਾਨਦਾਨ ਬਾਰੇ ਭਾਰਤ ਦੇ ਸਾਬਕਾ ਰਾਸ਼ਟਰਪਤੀ ਰਾਧਾਕ੍ਰਿਸ਼ਨ ਦੇ ਇਤਿਹਾਸਕਾਰ ਬੇਟੇ ਐਸ. ਗੋਪਾਲ ਨੇ ਬਿਓਰਾ ਦਿੱਤਾ ਹੈ ਕਿ ਗੰਗੂ ਬ੍ਰਾਹਮਣ ਦਾ ਬੇਟਾ ਰਾਜ ਕੌਲ, ਰਾਜ ਕੌਲ ਦਾ ਬੇਟਾ ਲਕਸ਼ਮੀ ਨਰਾਇਣ, ਲਕਸ਼ਮੀ ਨਰਾਇਣ ਦਾ ਬੇਟਾ ਗੰਗਾਧਰ, ਗੰਗਾਧਰ ਦਾ ਬੇਟਾ ਮੋਤੀ ਲਾਲ ਨਹਿਰੂ, ਮੋਤੀ ਲਾਲ ਨਹਿਰੂ ਦਾ ਬੇਟਾ ਪੰਡਿਤ ਜਵਾਹਰ ਲਾਲ ਨਹਿਰੂ, ਪੰਡਿਤ ਜਵਾਹਰ ਲਾਲ ਨਹਿਰੂ ਦੀ ਬੇਟੀ ਇੰਦਰਾ ਗਾਂਧੀ ਦੇ ਪੁੱਤਰ ਰਾਜੀਵ ਗਾਂਧੀ ਤੇ ਸੰਜੇ ਗਾਂਧੀ, ਰਾਜੀਵ ਗਾਂਧੀ ਦੀ ਧੀ ਪ੍ਰਿਯੰਕਾ ਗਾਂਧੀ ਤੇ ਰਾਹਲ ਗਾਂਧੀ, ਸੰਜੇ ਗਾਂਧੀ ਦਾ ਬੇਟਾ ਵਰੁਣ ਗਾਂਧੀ ਹੈ। ਇਨ੍ਹਾਂ ਤੱਥਾਂ ਨੂੰ ਪੰਡਿਤ ਜਵਾਹਰ ਲਾਲ ਨਹਿਰੂ ਜਿਊਂਦੇ ਜੀਅ ਸਵੀਕਾਰ ਕਰ ਚੁੱਕਾ ਸੀ।

ਭਾਰਤੀ ਫੌਜ ਵੱਲੋਂ ਨੀਲਾ ਤਾਰਾ ਆਪਰੇਸ਼ਨ ਦੀ ਅਗਵਾਈ ਮੇਜਰ ਜਨਰਲ ਕੁਲਦੀਪ ਸਿੰਘ ਬਰਾੜ ਕਰ ਰਿਹਾ ਸੀ। ਜਿਸ ਦੀ ਸ਼ੁਰੂਆਤ ਪਹਿਲੀ ਜੂਨ ਨੂੰ ਸੀ.ਆਰ.ਪੀ.ਐੱਫ. ਅਤੇ ਬੀ.ਐੱਸ.ਐਫ. ਵੱਲੋਂ ਦਰਬਾਰ ਸਾਹਿਬ ਵੱਲ ਗੋਲੀਬਾਰੀ ਕੀਤੇ ਜਾਣ ਨਾਲ ਹੋਈ। 2 ਜੂਨ ਨੂੰ ਸਰਕਾਰ ਨੇ ਜਨਰਲ ਗੌਰੀ ਸ਼ੰਕਰ ਨੂੰ ਸੁਰੱਖਿਆ ਸਲਾਹਕਾਰ ਲਾ ਕੇ ਪੰਜਾਬ ਵਿੱਚ ਕਰਫਿਊ ਲਾ ਦਿੱਤਾ ਸੀ। ਇਸੇ ਦੌਰਾਨ ਅੰਮ੍ਰਿਤਸਰ ਦੇ ਖੁਫੀਆ ਵਿਭਾਗ ਦਾ ਅਫ਼ਸਰ ਸਿੱਧੇ ਤੌਰ 'ਤੇ ਹੀ ਕੇਂਦਰ ਸਰਕਾਰ ਦੇ ਸੰਪਰਕ ਵਿੱਚ ਸੀ। ਦੂਸਰੇ ਪਾਸੇ ਦਰਬਾਰ ਸਾਹਿਬ ਸਮੂਹ ਵਿੱਚ ਜਨਰਲ ਸੁਬੇਗ ਸਿੰਘ ਨੇ ਮਜ਼ਬੂਤ ਮੋਰਚਾਬੰਦੀ ਕਰ ਰੱਖੀ ਸੀ। 6 ਜੂਨ ਨੂੰ ਭਾਰਤੀ ਫੌਜ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਢਹਿ ਢੇਰੀ ਕਰਨ 'ਤੇ ਸੰਤ ਜਰਨੈਲ ਸਿੰਘ ਖ਼ਾਲਸਾ ਤੇ ਉਨ੍ਹਾਂ ਦੇ ਸਾਥੀਆਂ ਦੀ ਮੌਤ ਮਗਰੋਂ ਫੌਜੀ ਕਾਰਵਾਈ ਬੰਦ ਕੀਤੀ ਗਈ। ਭਾਰਤੀ ਫੌਜ ਵੱਲੋਂ ਦੋ ਘੰਟਿਆਂ ਵਿਚ ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲਿਆਂ ਤੇ ਉਨ੍ਹਾਂ ਦੇ ਸਾਥੀਆਂ ਤੋਂ ਆਤਮ ਸਮਰਪਣ ਕਰਵਾ ਲੈਣ ਦੀ ਧਾਰਨਾ ਉਸ ਸਮੇਂ ਫੇਲ੍ਹ ਹੋਈ, ਜਦੋਂ ਪਹਿਲੇ ਪੜਾਅ ਦੀ ਸਫਲਤਾ ਲਈ ਵਿਸ਼ਵ ਦੀਆਂ ਸ਼ਕਤੀਸ਼ਾਲੀ ਫ਼ੌਜਾਂ ਦੀ ਗਿਣਤੀ ਵਿੱਚ ਆਉਂਦੀ ਭਾਰਤੀ ਫੌਜ ਨੂੰ ਦਿਨ-ਰਾਤ ਜੂਝਣਾ ਪਿਆ। ਭਾਰਤੀ ਖੁਫੀਆਂ ਏਜੰਸੀਆਂ ਅਨੁਸਰ ਦਰਬਾਰ ਸਾਹਿਬ ਕੰਪਲੈਕਸ ਵਿੱਚ ਜੁਝਾਰੂਆਂ ਦੀ ਗਿਣਤੀ 200 ਤੋਂ ਵੱਧ ਨਹੀਂ ਸੀ। ਉਨ੍ਹਾਂ ਕੋਲ ਆਮ ਪੱਕੀਆਂ ਰਾਈਫਲਾਂ ਤੇ ਗਿਣਤੀ ਦੀ ਲਾਈਟ ਮਸ਼ੀਨ ਗੰਨਾਂ ਸਨ। ਪੰਜ ਜੂਨ ਦੀ ਸ਼ਾਮ ਨੂੰ ਸਵਾ ਪੰਜ ਕੁ ਵਜੇ ਅੰਮ੍ਰਿਤਸਰ ਦੇ ਡੀ.ਐੱਸ.ਪੀ. ਬਾਜਵਾ ਨੇ ਸਪੀਰਕਰ ਉਤੇ ਜੁਝਾਰੂਆਂ ਨੂੰ ਆਤਮ ਸਮਰਪਣ ਕਰਨ ਦੀ ਅਪੀਲ ਕਰਕੇ ਖਾਨਾਪੂਰਤੀ ਕੀਤੀ, ਜਦੋਂ ਕਿ ਗੋਲੀਬਾਰੀ ਸ਼ੁਰੂ ਕਰਨ ਤੋਂ ਪਹਿਲਾਂ ਫੌਜ ਨੂੰ ਅਜਿਹਾ ਕਰਨਾ ਬਣਦਾ ਸੀ। ਉਕਤ ਹੋਕੇ ਦਾ ਜੁਆਬ ਜੁਝਾਰੂ ਸਿੰਘਾਂ ਨੇ ਜ਼ੋਰਦਾਰ ਫਾਇਰਿੰਗ ਕਰਕੇ ਦਿੱਤਾ ਤੇ ਕੋਈ ਵੀ ਆਤਮ ਸਮਰਪਣ ਲਈ ਬਾਹਰ ਨਹੀਂ ਆਇਆ।

ਰਿਟਾਇਰਡ ਜਨਰਲ ਸਿਨਹਾ ਦਾ ਕਹਿਣਾ ਹੈ ਕਿ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਤਾਂ 30 ਮਹੀਨੇ ਪਹਿਲਾਂ ਤੋਂ ਹੀ, ਯਾਨੀ ਦਸੰਬਰ 1981 ਵੇਲੇ ਤੋਂ ਤਿਆਰੀਆਂ ਵਿੱਚ ਜੁੱਟੀ ਹੋਈ ਸੀ। ਉਹ ਹਿਮਾਚਲ ਪ੍ਰਦੇਸ਼ ਵਿੱਚ ਦਰਬਾਰ ਸਾਹਿਬ ਦਾ ਮਾਡਲ ਬਣਾ ਕੇ ਫੌਜ ਨੂੰ ਬਾਕਾਇਦਾ ਟ੍ਰੇਨਿੰਗ ਦਿਵਾ ਰਹੀ ਸੀ, ਜਦੋਂ ਕਿ 'ਦਰਬਾਰ ਸਾਹਿਬ' ਉਤੇ ਫੌਜੀ ਹਮਲਾ ਭਾਵੇਂ ਸਰਕਾਰ ਲਈ ਕੋਈ ਆਖਰੀ ਰਾਹ ਨਹੀਂ ਸੀ। ਫੇਰ ਵੀ ਸਰਕਾਰ ਦੀਆਂ ਹਦਾਇਤਾਂ ਤਹਿਤ ਚਕਰਾਤਾ ਵਿਖੇ ਫੌਜ ਵੱਲੋਂ ਕਮਾਂਡੋ ਤਿਆਰ ਕੀਤੇ ਜਾ ਰਹੇ ਸਨ ਤਾਂ ਜੋ ਉਹ 'ਦਰਬਾਰ ਸਾਹਿਬ' ਹਮਲੇ ਵਿੱਚ ਪੂਰੀ ਸਫਲਤਾ ਹਾਸਿਲ ਕਰ ਸਕਣ।

'ਜੂਨ 1984', ਪੇਜ 28-29

ਰਿਟਾਇਰ ਜਰਨਲ ਸਿਨਹਾ ਦਾ ਕਹਿਣਾ ਹੈ ਕਿ ਉਨ੍ਹਾਂ ਨੇ ਕਈ ਵਾਰ ਇੰਦਰਾ ਗਾਂਧੀ ਨੂੰ ਦਰਬਾਰ ਸਾਹਿਬ 'ਤੇ ਹਮਲਾ ਨਾ ਕਰਨ ਅਤੇ ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲਿਆਂ ਨੂੰ ਫੜਨ ਲਈ ਹੋਰ ਰਸਤੇ ਅਪਨਾਉਣ ਦੀ ਸਲਾਹ ਦਿੱਤੀ ਸੀ, ਪਰ ਉਹ ਨਾ ਮੰਨੀ। ਉਲਟਾ ਉਸ ਨੇ ਚੁੱਪ-ਚਾਪ ਜਨਰਲ ਵੈਦਿਆ ਨੂੰ ਹਮਲੇ ਦੀ ਤਿਆਰੀ ਲਈ ਕਹਿ ਦਿੱਤਾ ਅਤੇ ਕਮਾਂਡੋਆਂ ਨੂੰ ਟ੍ਰੇਨਿੰਗ ਦੇਣੀ ਸ਼ੁਰੂ ਕਰ ਦਿੱਤੀ ਸੀ। ਇਥੇ ਧਿਆਨਯੋਗ ਹੈ ਕਿ 1981 ਵਿੱਚ ਸੰਤ ਜੀ ਦਰਬਾਰ ਸਾਹਿਬ ਵਿਚ ਨਹੀਂ ਸਨ, ਫਿਰ ਕਿਸ ਤਰ੍ਹਾਂ ਇਸ ਗੱਲ ਉਤੇ ਵਿਸ਼ਵਾਸ਼ ਕੀਤਾ ਜਾ ਸਕਦਾ ਹੈ ਕਿ ਸਰਕਾਰ ਨੂੰ ਹਮਲਾ ਮਜਬੂਰੀਵੱਸ ਕਰਨਾ ਪਿਆ ਹੈ, ਜਦੋਂ ਕਿ ਸਾਰੇ ਸਰਕਾਰੀ ਅਫ਼ਸਰ ਅਤੇ ਪੱਤਰਕਾਰ ਇਸ ਗੱਲ ਦੀ ਪੁਸ਼ਟੀ ਕਰਦੇ ਹਨ ਕਿ ਇੰਦਰਾ ਗਾਂਧੀ ਨੇ ਜਾਣ-ਬੁੱਝ ਕੇ ਹਮਲਾ ਕਰਵਾਇਆ। ਇਥੋਂ ਸਪਸ਼ਟ ਹੁੰਦਾ ਹੈ ਕਿ ਸਰਕਾਰ ਸਿੱਖ ਮਸਲਿਆਂ ਨੂੰ ਸੁਲਝਾਉਣ ਦੀ ਥਾਂ ਹਮਲੇ ਦਾ ਰਾਹ ਚੁਣ ਕੇ ਵੱਧ ਤੋਂ ਵੱਧ ਸਿੱਖਾਂ ਨੂੰ ਮਾਰ ਮੁਕਾਉਣਾ ਚਾਹੁੰਦੀ ਸੀ। ਉਨ੍ਹਾਂ ਕਿਹਾ ਹੈ ਕਿ ਪੈਲਿਸਤੀਨ ਦੇ 200 ਹਥਿਆਰਬੰਦ ਖਾੜਕੂਆਂ ਨੇ ਇੱਕ ਗਿਰਜਾ ਘਰ 'ਤੇ ਕਬਜ਼ਾ ਕਰ ਲਿਆ ਸੀ, ਇਜਰਾਇਲ ਸਰਕਾਰ ਨੇ ਕਬਜ਼ਾ ਛੁਡਵਾਉਣ ਲਈ ਇੱਕ ਮਹੀਨੇ ਤੱਕ ਘੇਰਾ ਪਾਈ ਰੱਖਿਆ ਅਤੇ ਮਸਲੇ ਦਾ ਹੱਲ ਕੱਢਣ ਲਈ ਖਾੜਕੂਆਂ ਦੇ ਲੀਡਰ ਨਾਲ ਗੱਲਬਾਤ ਜਾਰੀ ਰੱਖੀ ਤਾਂ ਕਿ ਜਾਨੀ-ਮਾਲੀ ਨੁਕਸਾਨ ਤੋਂ ਬਚਾਅ ਅਤੇ ਗਿਰਜਾ ਘਰ ਮਹਿਫੂਜ਼ ਰਹਿ ਸਕੇ।

ਪਰ ਹਿੰਦ ਸਰਕਾਰ ਨੇ ਅਜਿਹਾ ਕੋਈ ਵੀ ਕਦਮ ਨਹੀਂ ਚੁੱਕਿਆ, ਜਿਸ ਤੋਂ ਇਹ ਸਾਬਤ ਹੁੰਦਾ ਹੈ ਕਿ ਸਰਕਾਰ ਮਸਲੇ ਨੂੰ ਹੱਲ ਨਹੀਂ ਸੀ ਕਰਨਾ ਚਾਹੁੰਦੀ। ਇੰਦਰਾ ਗਾਂਧੀ ਨੇ ਟੀ.ਵੀ. ਰਾਹੀਂ ਸਿੱਖਾਂ ਨੂੰ ਬਦਨਾਮ ਕਰਨ ਤੋਂ ਸਿਵਾਏ ਹੋਰ ਕੁੱਝ ਨਹੀਂ ਕੀਤਾ। ਨਾ ਉਹ ਪੰਜਾਬ ਆਈ, ਨਾ ਸਿੱਖਾਂ ਨਾਲ ਕੋਈ ਗੱਲਬਾਤ ਤੋਰੀ; ਸਗੋਂ ਗੁਰੂ ਸਾਹਿਬ ਜੀ ਦਾ ਸ਼ਹੀਦੀ ਪੁਰਬ ਮਨਾਉਣ ਦੀ ਚਾਹਵਾਨ ਸੰਗਤਾਂ ਨੂੰ ਵੱਡੇ ਪੱਧਰ ਉਤੇ 'ਦਰਬਾਰ ਸਾਹਿਬ' ਜਾਣ ਦੇਣ ਤੋਂ ਬਾਅਦ ਕਰਫਿਊ ਲਾ ਦਿੱਤਾ ਅਤੇ ਫਿਰ ਬੰਬਬਾਰੀ ਕਰਨੀ ਸ਼ੁਰੂ ਕਰ ਦਿੱਤੀ। ਸੰਤ ਜਰਨੈਲ ਸਿੰਘ ਤੇ ਹੋਰਾਂ ਨੂੰ ਗ੍ਰਿਫ਼ਤਾਰ ਕਰਨ ਲਈ ਕੋਈ ਹੋਰ ਰਾਹ ਚੁਣਿਆ ਜਾ ਸਕਦਾ ਸੀ ਜਾਂ ਕਈ ਦਿਨ ਪਹਿਲਾਂ ਕਰਫਿਊ ਲਾਇਆ ਜਾਂਦਾ ਤਾਂ ਕਿ ਸੰਗਤ ਦਰਬਾਰ ਸਾਹਿਬ ਨਾ ਜਾ ਸਕਦੀ।


⇒ ਬਾਕੀ ਸਫਾ 6 ਉਤੇ ਪੜ੍ਹੋ...



ਨੋਟ: ਲੇਖਕ ਆਪਣੀਆਂ ਲਿਖਤਾਂ ਅਤੇ ਪਾਠਕ ਆਪਣੇ ਵਿਚਾਰ "ਪੰਜਾਬੀ ਪਰਵਾਜ਼" ਦੀ ਈਮੇਲ punjabiparwaz@gmail.com ਉਤੇ ਭੇਜ ਸਕਦੇ ਹਨ।

## ਜ਼ਰੂਰੀ

'ਪੰਜਾਬੀ ਪਰਵਾਜ਼' ਵਿੱਚ ਵੱਖ-ਵੱਖ ਲੇਖਕਾਂ ਦੇ ਲੇਖ ਸਿਰਫ ਵਿਚਾਰਾਂ ਦੇ ਵਟਾਂਦਰੇ ਅਤੇ ਇੱਕ-ਦੂਜੇ ਤੱਕ ਜਾਣਕਾਰੀ ਜਾਂ ਅਨੁਭਵ ਪਹੁੰਚਦੇ ਕਰਨ ਦੇ ਮਕਸਦ ਨਾਲ ਛਾਪੇ ਗਏ ਹਨ। ਲੇਖਾਂ ਵਿਚਲੇ ਵਿਚਾਰਾਂ/ਤੱਥਾਂ ਨਾਲ ਸਹਿਮਤ ਹੋਣਾ ਜਾਂ ਨਾ ਹੋਣਾ ਪਾਠਕਾਂ ਦਾ ਨਿੱਜੀ ਮਸਲਾ ਹੈ। ਲੇਖਾਂ/ਰਚਨਾਵਾਂ ਵਿੱਚ ਹਲਕੀ ਕਿਸਮ ਦੀ ਭਾਸ਼ਾ ਤੋਂ ਗੁਰੇਜ ਕਰਨਾ ਅਤੇ ਲੋਕ-ਪੱਖੀ ਤੇ ਮਿਆਰੀ ਲਿਖਤਾਂ ਨੂੰ ਪਾਠਕਾਂ ਤੱਕ ਪੁੱਜਦਾ ਕਰਨਾ 'ਪੰਜਾਬੀ ਪਰਵਾਜ਼' ਦੀ ਪਹਿਲ ਹੋਵੇਗੀ।

# ਟੱਪਿਆਂ ਵਾਲਾ ਮੁੰਡਾ: ਯਾਸਿਰ ਹੁਸੈਨ

ਟੱਪਿਆਂ ਵਾਲਾ ਮੁੰਡਾ ਗਾਇਕ ਯਾਸਿਰ ਹੁਸੈਨ ਪੰਜਾਬੀ ਸੰਗੀਤ ਪ੍ਰੇਮੀਆਂ ਦੇ ਦਿਲ ਵਿੱਚ ਘਰ ਕਰ ਗਿਆ ਹੈ। ਉਹ ਖੁਦ ਮੰਨਦਾ ਹੈ ਕਿ ਦੇਸ਼-ਵਿਦੇਸ਼ ਵਸਦੇ ਪੰਜਾਬੀਆਂ ਨੇ ਉਸ ਨੂੰ ਮਣਾਂ-ਮੂੰਹੀਂ ਪਿਆਰ ਦਿੱਤਾ ਹੈ। ਪਹਾੜੀ ਤਰਜ਼ਾਂ ਵਿਚ ਗਾਇਕੀ ਦਾ ਅਭਿਆਸ ਕਰਨ ਤੋਂ ਲੈ ਕੇ ਹੁਣ ਪੰਜਾਬੀ ਤਰਜ ਦੀਆਂ ਬੋਲੀਆਂ, ਟੱਪੇ ਤੇ ਗੀਤ ਉਹ ਇਸ ਰੂਹਦਾਰੀ ਨਾਲ ਗਾਉਂਦਾ ਹੈ ਕਿ ਸੰਜੀਦਾ ਗਾਇਕੀ ਸੁਣਨ ਵਾਲਿਆਂ ਨੂੰ ਸਰਸ਼ਾਰ ਕਰ ਦਿੰਦਾ ਹੈ। ਉਸ ਨੇ ਔਖਾ ਦੌਰ ਵੇਖਿਆ ਹੈ, ਪਰ ਗਾਇਕੀ ਦੇ ਪਿੜ ਵਿੱਚ ਸਫਲਤਾ ਪ੍ਰਾਪਤ ਕਰਨ ਲਈ ਵੱਧ ਤੋਂ ਵੱਧ ਰਿਆਜ਼ ਕਰਨ ਨੂੰ ਤਰਜੀਹ ਦਿੱਤੀ। ਉਸ ਦਾ ਕਹਿਣਾ ਹੈ ਕਿ ਉਹ ਨੀਂਦ ਭੁਲਾ ਕੇ ਛੇ-ਛੇ, ਅੱਠ-ਅੱਠ ਘੰਟੇ ਰਿਆਜ਼ ਕਰਦਾ ਰਿਹਾ ਹੈ, ਕਿਉਂਕਿ ਉਸ ਨੂੰ ਗਾ ਕੇ ਚੱਸ ਆਉਂਦੀ ਹੈ। ਉਹ ਕਹਿੰਦਾ ਹੈ, "ਸੰਗੀਤ ਮੇਰੇ ਲਈ ਸਭ ਕੁਝ ਹੈ ਅਤੇ ਇਸ ਨਾਲ ਮੈਂ ਆਪਣੇ ਆਪ ਨੂੰ ਪੂਰੀ ਤਰ੍ਹਾਂ ਤਿਆਰ ਰੱਖਦਾ ਹਾਂ। ਸੰਗੀਤ ਲਈ ਮੇਰੀ ਊਰਜਾ ਵੱਖ-ਵੱਖ

**ਕੁਲਜੀਤ ਦਿਆਲਪੁਰੀ**
ਫੋਨ: 224-386-4548

ਚੀਜ਼ਾਂ ਦੀਆਂ ਹੱਦਾਂ ਨੂੰ ਹਰਾਉਂਦੀ ਹੈ ਅਤੇ ਇਸ ਤੀਬਰਤਾ ਨੇ ਹੀ ਮੈਨੂੰ ਅੱਜ ਇੱਥੇ ਪਹੁੰਚਾਇਆ ਹੈ। ਮਿਹਨਤ ਉਹਦੀ ਗਾਇਕੀ ਵਿੱਚੋਂ ਅਤੇ ਅੱਲ੍ਹਾ ਦੀ ਰਹਿਮਤ ਉਸ ਨੂੰ ਮਿਲੀ ਸਫ਼ਲਤਾ ਵਿੱਚੋਂ ਸਪਸ਼ਟ ਝਲਕਦੀ ਹੈ। ਬਜ਼ੁਰਗਾਂ ਤੋਂ ਲੈ ਕੇ ਨਵੀਂ ਪੀੜ੍ਹੀ ਤੱਕ ਦੇ ਬਹੁਤੇ ਬੱਚੇ ਉਸ ਨੂੰ ਸੁਣਨਾ ਪਸੰਦ ਕਰਦੇ ਹਨ।

ਪਹਿਲਾਂ ਪਹਿਲ ਉਸ ਦੀ ਗਾਇਕੀ ਦਾ ਮੁੱਲ ਸਥਾਨਕ ਲੋਕਾਂ ਅਤੇ ਪੰਜਾਬੀ ਤਰਬੀਅਤ ਵਾਲੇ ਸਰੋਤਿਆਂ ਨੇ ਨਹੀਂ ਪਾਇਆ। ਫਿਰ ਹੌਲੀ-ਹੌਲੀ ਯੂ-ਟਿਊਬ ਅਤੇ ਸੋਸ਼ਲ ਮੀਡੀਆ ਉੱਤੇ ਉਸ ਦੇ ਟੱਪੇ, ਬੋਲੀਆਂ ਅਤੇ ਗੀਤ ਮਕਬੂਲ ਹੋਣ ਲੱਗ ਪਏ। ਉਹ ਸ਼ੁਕਰਗੁਜ਼ਾਰ ਹੈ ਕੇ ਵਿਦੇਸ਼ ਵਸਦੇ ਸਰੋਤਿਆਂ ਨੇ ਉਸ ਦੀ ਕਲਾ ਦੀ ਕਦਰ ਪਹਿਲਾਂ ਪਾਈ ਅਤੇ ਫਿਰ ਚੱਲ ਸੋ ਚੱਲ ਐਸੀ ਹੋਈ ਕਿ ਉਸ ਦੇ ਇਲਾਕੇ ਤੇ ਪੰਜਾਬ ਵਾਲਿਆਂ ਨੇ ਵੀ ਉਸ ਨੂੰ ਖੂਬ ਕਬੂਲ ਕੀਤਾ। ਉਹ ਕਹਿੰਦਾ ਹੈ ਕਿ ਇੱਕ ਕਸ਼ਮੀਰੀ ਗਾਇਕ ਨੂੰ ਪੰਜਾਬੀਆਂ ਨੇ ਜਿਸ ਪੱਧਰ ਉੱਤੇ ਮਕਬੂਲੀਅਤ ਦਿੱਤੀ, ਉਸ ਬਾਰੇ ਤਾਂ ਉਸ ਨੇ ਸੋਚਿਆ ਵੀ ਨਹੀਂ ਸੀ। ਖ਼ੈਰ! ਹੁਣ ਤਾਂ ਯਾਸਿਰ ਨੂੰ ਪੀਜ਼ੇ ਦੇ ਡੱਬੇ ਵਿੱਚ ਸਾਗ ਪਰੋਸ ਕੇ ਪੰਜਾਬੀਆਂ ਨੂੰ ਖਵਾਉਣ ਦੀ ਜੁਗਤ ਆ ਗਈ ਹੈ।

ਹਥਿਆਰਾਂ ਦੇ ਜ਼ਿਕਰ ਵਾਲੀ ਅਤੇ ਹਲਕੇ ਪੱਧਰ ਵਾਲੀ ਗਾਇਕੀ ਦੇ ਦੌਰ ਵਿਚ ਵਧੀਆ ਤੇ ਆਮ ਜ਼ਿੰਦਗੀ ਦੀਆਂ ਗੱਲਾਂ ਨੂੰ ਸੁਰਬੱਧ ਗਾਉਣਾ, ਹੈ ਤਾਂ ਚੁਣੌਤੀ ਹੀ, ਪਰ ਯਾਸਿਰ ਚੰਗਾ ਸੁਣਨ ਵਾਲਿਆਂ ਨਾਲ ਸਾਂਝ ਪਾਉਣ ਵਿੱਚ ਸਫਲ ਹੋਇਆ ਹੈ; ਕਿਉਂਕਿ ਉਹ ਸ਼ੋਰ-ਸ਼ਰਾਬੇ ਵਾਲੀ ਗਾਇਕੀ ਦੇ ਮਾਹੌਲ ਵਿਚ ਸੱਭਿਅਕ ਤੇ ਸੁੱਚੱਜੀ ਗਾਇਕੀ ਨੂੰ ਆਧਾਰ ਬਣਾ ਕੇ ਆਇਆ ਹੈ। ਉਸ ਦੀ ਗਾਇਕੀ ਦਾ ਕੰਮ ਰੇੜ੍ਹੇ ਪਿਆ ਹੋਇਆ ਹੈ, ਪਰ ਉਹ ਨਿਰ੍ਹਾ ਕਾਰੋਬਾਰੀ ਗਾਇਕ ਨਹੀਂ ਹੈ। ਘੱਟ ਮਿਹਨਤ ਕਰਕੇ ਛੇਤੀ ਸਫਲਤਾ ਹਾਸਲ ਕਰਨ ਵਾਲੇ ਅਤੇ ਭਮੱਕੜ ਕਿਸਮ ਦੇ ਗਾਇਕਾਂ ਨੂੰ ਉਹਦਾ ਇਹੋ ਸੁਨੇਹਾ ਹੈ ਕਿ ਚੰਗਾ ਗਾਓਗੇ ਤਾਂ ਟਿਕੇ ਰਹੋਗੇ।


ਯਾਸਿਰ ਦਾ ਮਕਸਦ ਵਿਰਾਸਤੀ ਗੱਲਾਂ, ਪੁਰਾਣੇ ਸਾਹਿਤ ਜਾਂ ਸਭਿਆਚਾਰ ਵਿੱਚੋਂ ਕੁਝ ਨਾ ਕੁਝ ਪੇਸ਼ ਕਰਦੇ ਰਹਿਣਾ ਹੈ, ਕਿਉਂਕਿ ਉਸ ਅਨੁਸਾਰ ਮਾਹੀਏ, ਟੱਪੇ ਆਦਿ ਵੰਨਗੀਆਂ ਸਾਡੇ ਸਭਿਆਚਾਰ ਤੇ ਵਿਰਾਸਤ ਦਾ ਗਹਿਣਾ ਹਨ। ਉਹ ਦੱਸਦਾ ਹੈ ਕਿ ਸਾਡੇ ਰਿਵਾਜ਼ ਹੈ, ਜਦੋਂ ਕੋਈ ਖੁਸ਼ੀ ਹੋਵੇ ਤਾਂ ਟੱਪਿਆਂ ਦਾ ਮੁਕਾਬਲਾ ਜਿਹਾ ਸ਼ੁਰੂ ਹੋ ਜਾਂਦਾ ਹੈ; ਰਾਤ ਮੁੱਕ ਜਾਂਦੀ ਹੈ, ਪਰ ਟੱਪੇ ਮੁੱਕਦੇ ਹੀ ਨਹੀਂ। ਇੰਜ ਗਾਇਕੀ ਉਸ ਦੇ ਪਰਿਵਾਰਕ ਮਾਹੌਲ ਵਿੱਚ ਹੋਣ ਕਾਰਨ ਹੀ ਉਹ ਵੀ ਟੱਪੇ ਗਾਉਂਦਾ-ਗਾਉਂਦਾ ਗਾਇਕੀ ਦੇ ਰਾਹ ਪੈ ਗਿਆ। ਸਾਹਿਤ ਤੇ ਸਭਿਆਚਾਰ ਪੜ੍ਹਦਿਆਂ-ਪੜ੍ਹਦਿਆਂ ਕੁਝ ਗੱਲਾਂ ਉਹਦੇ ਦਿਲ ਨੂੰ ਲੱਗ ਗਈਆਂ ਅਤੇ ਫੋਕੀ ਦੇ ਭੰਡਾਰ ਨੂੰ ਲੋਕਾਂ ਵਿੱਚ ਪੇਸ਼ ਕਰਨਾ ਉਹਨੂੰ ਚੰਗਾ-ਚੰਗਾ ਲੱਗਣ ਲੱਗ ਪਿਆ। ਟੱਪੇ ਉਸ ਨੂੰ ਸਕੂਨ ਦਿੰਦੇ ਹਨ ਤੇ ਉਹ ਗਾਉਣ ਲੱਗ ਜਾਂਦਾ ਹੈ। ਚੰਦ ਸ਼ਬਦਾਂ ਵਿੱਚ ਕੋਈ ਕਹਾਣੀ ਉਹ ਇਉਂ ਬਿਆਨ ਕਰ ਦਿੰਦਾ ਹੈ:

-ਵੇ ਕੋਈ ਘੜੀਆਂ ਦੇ ਟੈਮ ਹੁੰਦੇ
ਉਹ ਕਾਹਦੇ ਯਾਰ ਹੁੰਦੇ, ਜਿਹੜੇ ਗੱਲਾਂ 'ਤੇ ਨਾ ਕੈਮ ਹੁੰਦੇ।

-ਦੋ ਤਾਰਾਂ ਲਿਸ਼ਕਦੀਆਂ
ਤੇਰੀ ਵੇ ਮੈਂ ਨਬਜ਼ ਵੇਖੀ, ਤੈਨੂੰ ਮਰਜ਼ਾਂ ਇਸ਼ਕ ਦੀਆਂ।

ਟੱਪੇ ਹੋਰ ਵੀ ਬਥੇਰੇ ਹਨ, ਜਿਨ੍ਹਾਂ ਨੂੰ ਉਹ ਚੁਟਕੀਆਂ ਵਜਾਉਂਦਾ ਆਪਣੇ ਦਿਲਕਸ਼ ਅੰਦਾਜ਼ ਵਿੱਚ ਪੇਸ਼ ਕਰਦਾ ਹੈ ਤੇ ਸਰੋਤਿਆਂ ਨੂੰ ਟੱਪਿਆਂ ਦੇ ਬੋਲਾਂ ਨਾਲ ਜੋੜ ਲੈਂਦਾ ਹੈ। ਜਿਸ ਤਰ੍ਹਾਂ "ਦੁਨੀਆਂ ਇਸ਼ਕ ਇਸ਼ਕ ਕਰਦੀ, ਇਸ਼ਕ ਨਾ ਆਉਂਦਾ ਸਿਖਾਏ", ਉਸੇ ਤਰ੍ਹਾਂ ਆਪਣੇ ਆਪ ਨੂੰ ਗਾਇਕ ਤਾਂ ਬਥੇਰੇ ਅਖਵਾਉਂਦੇ ਹਨ, ਪਰ ਸੁਰਾਂ ਦੀ ਸਮਝ ਵਿਰਲਿਆਂ ਨੂੰ ਹੀ ਹੈ। ਯਾਸਿਰ ਹੁਸੈਨ ਲਈ ਗਾਇਕੀ ਰੱਬ ਵੱਲੋਂ ਮਿਲਿਆ ਤੋਹਫਾ ਹੈ। ਬੇਸ਼ੱਕ ਕੁਝ ਵੀ ਚਿਰ-ਸਥਾਈ ਨਹੀਂ ਹੈ, ਫਿਲਹਾਲ ਯਾਸਿਰ ਦੀ ਗਾਇਕੀ ਦੀ ਵੇਲ ਵਧ-ਫੁਲ ਰਹੀ ਹੈ।

ਖੇਡਾਂ ਵਿਚ ਦਿਲਚਸਪੀ ਹੋਣ ਕਾਰਨ ਅਤੇ ਰੁਜ਼ਗਾਰ ਦੇ ਮਾਮਲਿਆਂ ਕਾਰਨ ਪਿਤਾ ਦੇ ਕਹਿਣ ਉੱਤੇ ਯਾਸਿਰ ਪਹਿਲਾਂ ਫੌਜ ਵਿਚ ਭਰਤੀ ਹੋਇਆ ਸੀ। ਸੂਫੀ ਗਾਇਕੀ, ਵਿਰਸੇ ਬਾਬਤ ਜਾਣਕਾਰੀ ਪ੍ਰਾਪਤ ਕਰਨਾ ਅਤੇ ਸਾਹਿਤ ਤੇ ਸਭਿਆਚਾਰ ਪੜ੍ਹਨ ਦਾ ਉਹ ਸ਼ੌਕੀਨ ਹੈ; ਉਹ ਆਪਣੇ ਸ਼ੌਕ ਫੌਜ ਦੀ ਨੌਕਰੀ ਦੌਰਾਨ ਵੀ ਪੂਰਦਾ ਰਿਹਾ। ਫਿਰ ਫੌਜ ਵਿਚ ਦਿਲ ਨਾ ਲੱਗਿਆ ਤੇ ਉਹ 3 ਸਾਲ ਦੀ ਨੌਕਰੀ ਕਰ ਕੇ ਛੱਡ ਆਇਆ। ਸਾਲ 2015-16 ਦੌਰਾਨ ਗਾਇਕੀ ਦੇ ਖੇਤਰ ਵਿੱਚ ਖੁੱਲ੍ਹ ਕੇ ਆ ਆਇਆ ਅਤੇ ਹੁਣ ਉਹਦਾ ਨਾਮ



## ਯਾਸਿਰ ਹੁਸੈਨ ਦਾ ਸ਼ਿਕਾਗੋ ਵਿੱਚ ਸ਼ੋਅ 11 ਜੂਨ ਨੂੰ

**ਯਾਸਿਰ ਹੁਸੈਨ ਦਾ ਇੱਕ ਸ਼ੋਅ ਐਤਵਾਰ, 11 ਜੂਨ 2023 ਨੂੰ ਸ਼ਿਕਾਗੋ ਦੀ ਸਬਰਬ ਪੈਲਾਟਾਈਨ ਦੇ ਕਟਿੰਗ ਹਾਲ ਪ੍ਰਫਾਰਮਿੰਗ ਆਰਟਸ ਸੈਂਟਰ (150 E. Wood St, Palatine, IL 60067) ਵਿੱਚ ਸ਼ਾਮ 6 ਵਜੇ ਤੋਂ ਹੋਵੇਗਾ। ਇਸ ਮੌਕੇ ਉਹ ਸਰੋਤਿਆਂ ਨਾਲ ਰਾਬਤਾ ਬਣਾ ਕੇ ਆਪਣੀ ਗਾਇਕੀ ਦੇ ਰੰਗ ਬਿਖੇਰੇਗਾ। ਫਾਈਵ ਰਿਵਰਜ਼ ਐਂਟਰਟੇਨਮੈਂਟ ਵੱਲੋਂ ਕਰਵਾਏ ਜਾ ਰਹੇ ਇਸ ਸ਼ੋਅ ਬਾਰੇ ਹੋਰ ਜਾਣਕਾਰੀ ਲੈਣ ਲਈ ਪ੍ਰਬੰਧਕਾਂ- ਡਾ. ਵਿਕਰਮ ਗਿੱਲ, ਇੰਦਰਜੀਤ ਵਿਰਕ, ਗੁਰਪ੍ਰੀਤ ਸਿੱਧੂ, ਜਿਗਰਦੀਪ (ਜੇ.ਡੀ.) ਢਿੱਲੋਂ, ਅੰਮ੍ਰਿਤ ਮਾਂਗਟ ਜਾਂ ਬਿਕਰਮ ਸਿੱਧੂ ਨਾਲ ਫੋਨ: 630-330-8286, 847-980-0704, 630-822-5490 ਜਾਂ ਈਮੇਲ: info@5riversentertainment.com ਰਾਹੀਂ ਸੰਪਰਕ ਕੀਤਾ ਜਾ ਸਕਦਾ ਹੈ।**

ਸਕੂਨ ਦੇਣ ਵਾਲੀ ਸੂਫੀਆਨਾ ਕਿਸਮ ਦੀ ਗਾਇਕੀ ਪੇਸ਼ ਕਰਨ ਵਾਲਿਆਂ ਵਿੱਚ ਵਜਦਾ ਹੈ।

ਕਸ਼ਮੀਰ ਦੀ ਫਿਜ਼ਾ ਵਿੱਚ ਵਿਚਰਦਾ ਰਿਹਾ ਯਾਸਿਰ ਜਾਣਦਾ ਹੈ ਕਿ ਉਥੇ ਤੱਤੀਆਂ ਹਵਾਵਾਂ ਦਾ ਮਾਹੌਲ ਬਣਨ ਲੱਗਿਆਂ ਦੇਰ ਨਹੀਂ ਲੱਗਦੀ। ਅਜਿਹੇ ਮਾਹੌਲ ਵਿਚ ਜੰਮ-ਪਲ ਕੇ ਆਪਣੀ ਪਗਡੰਡੀ ਬਣਾ ਕੇ ਚੱਲਣਾ ਐਨਾ ਸੌਖਾ ਨਹੀਂ। ਐਵੇਂ ਤਾਂ ਨਹੀਂ ਕਿ ਉਹ ਗਾਉਂਦਾ: "ਮਾਹੀਆ ਕਸ਼ਮੀਰ ਦਿਆ, ਡੂੰਘੇ ਪਾਣੀ ਸਮੁੰਦਰਾਂ ਦੇ..." ਉਹ ਕਹਿੰਦਾ ਹੈ ਕਿ ਸੰਘਰਸ਼ ਦੇ ਦਿਨਾਂ ਵਿੱਚ ਤਾਂ ਆਪਣੇ ਵੀ ਸਾਥ ਛੱਡ ਜਾਂਦੇ ਹਨ; ਤੇ ਕਰੀਬੀ ਜਿਹੇ ਲੱਗਦੇ ਕਈ ਸੱਜਣਾਂ ਨੇ ਤਾਂ ਫੋਨ ਚੁੱਕਣਾ ਹੀ ਬੰਦ ਕਰ ਦਿੱਤਾ ਸੀ। ਯਾਸਿਰ ਦੱਸਦਾ ਹੈ ਕਿ ਜਦ ਮਿਹਨਤ ਦੀ ਉਹਦੇ ਉੱਤੇ ਰਹਿਮਤ ਹੋਈ ਤਾਂ ਉਹੀ ਲੋਕ ਆਖਦੇ ਸਨ, "ਤੂੰ ਵੱਡਾ ਗਾਇਕ ਹੋ ਗਿਐਂ, ਗੱਲ ਹੀ ਨਹੀਂ ਕਰਦਾ।" ਫਿਰ ਮੈਂ ਵੀ ਹਾਸੇ ਵਿਚ ਵਿਅੰਗ ਕਰ ਛੱਡਦਾ ਹਾਂ, "ਵੱਡਾ ਗਾਇਕ ਤਾਂ ਮੈਂ ਪਹਿਲਾਂ ਹੀ ਸੀ, ਤੁਸੀਂ ਪਛਾਣਿਆ ਦੇਰ ਨਾਲ ਹੈ ਮੈਨੂੰ।"

ਆਪਣੇ ਔਖੇ ਵਕਤਾਂ ਦੀ ਇੱਕ ਹੋਰ ਬੁਣਤੀ ਉਹ ਇਉਂ ਬੁਣਦਾ ਹੈ, "ਇੱਕ ਵੇਲੇ ਰੋਟੀ ਦਾ ਘਰ ਵਿਚ ਫਾਕਾ ਪੱਕਾ ਸੀ..." ਉਸ ਦੇ ਮਾਪੇ ਹੁਣ ਇਸ ਸੰਸਾਰ ਉਤੇ ਨਹੀਂ ਹਨ, ਪਰ ਉਹ ਉਨ੍ਹਾਂ ਨੂੰ ਯਾਦ ਕਰਦਾ ਰਹਿੰਦਾ ਹੈ, "ਮਾਪੇ ਤਾਂ ਅਨਮੋਲ ਗਹਿਣਾ ਹਨ, ਇਨ੍ਹਾਂ ਨੂੰ ਗਵਾ ਲਿਆ ਤਾਂ ਜ਼ਿੰਦਗੀ ਦੇ ਕੀ ਅਰਥ!" ਉਹ ਕਹਿੰਦਾ ਹੈ ਕਿ ਪੈਸਾ ਜਿੰਨਾ ਮਰਜ਼ੀ ਕਮਾ ਲਓ, ਪਰ ਜੇ ਅਸੀਂ ਮਾਪੇ ਖੁਸ਼ ਨਾ ਰੱਖ ਸਕੇ ਤਾਂ ਸਭ ਮਿੱਟੀ ਹੈ। ਹਉਕਾ ਜਿਹਾ ਭਰ ਕੇ ਉਹ ਮਾਂ ਨੂੰ ਯਾਦ ਕਰਦਾ ਹੈ ਕਿ ਜਦੋਂ ਅੰਮੀ ਫੌਤ ਹੋਏ ਤਾਂ ਬਾਪ ਰੋਟੀ ਬਣਾਉਣ ਲੱਗਾ। ਉਸ ਨੇ ਮੈਨੂੰ ਵੀ ਰੋਟੀਆਂ ਸੇਕਣ ਲਾ ਲੈਣਾ, ਕਿਉਂਕਿ ਵਕਤ ਦਾ ਪਤਾ ਨਹੀਂ ਕਿੱਥੇ ਲਿਆ ਖੜ੍ਹਾ ਕਰੇ।

ਯਾਸਿਰ ਹੁਸੈਨ ਦੀ ਗਾਇਕੀ ਵਿੱਚੋਂ ਸੂਫ਼ੀ ਰੰਗ ਅਤੇ ਪਾਕਿਸਤਾਨੀ ਪ੍ਰਭਾਵ ਡੁੱਲ੍ਹ ਡੁੱਲ੍ਹ ਪੈਂਦਾ ਹੈ; ਕਿਉਂਕਿ ਉਸ ਨੇ ਵੰਡ ਤੋਂ ਪਹਿਲਾਂ ਦਾ ਸਾਂਝਾ ਸਾਹਿਤ ਪੜ੍ਹਿਆ ਤੇ ਇਸ ਦੀ ਗੁੜ੍ਹਤੀ ਉਸ ਨੂੰ ਉਹਦੇ ਬਜ਼ੁਰਗਾਂ ਤੋਂ ਮਿਲੀ। ਉਹ ਪੰਜਾਬ, ਹਰਿਆਣਾ, ਦਿੱਲੀ, ਜੰਮੂ-ਕਸ਼ਮੀਰ ਸਮੇਤ ਭਾਰਤ ਦੇ ਹੋਰਨਾਂ ਸੂਬਿਆਂ ਵਿੱਚ ਵੀ ਆਪਣੇ ਸ਼ੋਅ ਕਰਦਾ ਹੈ ਅਤੇ ਵਿਦੇਸ਼ਾਂ ਦੇ ਦੌਰਿਆਂ ਉੱਤੇ ਵੀ ਰਹਿੰਦਾ ਹੈ।

## ਪੰਜਾਬ ਦਾ ਚੌਗਿਰਦਾ...

# ਪਾਇ ਕੁਹਾੜਾ ਮਾਰਿਆ ਗਾਫਲਿ ਅਪੁਨੈ ਹਾਥਿ

**ਅਸੀਂ ਆਪਣੇ ਚੌਗਿਰਦੇ/ਵਾਤਾਵਰਣ ਪ੍ਰਤੀ ਇੰਨੇ ਅਵੇਸਲੇ ਹੋ ਗਏ ਹਾਂ ਕਿ ਗੁਰੂ ਨਾਨਕ ਸਾਹਿਬ ਦੇ ਸ਼ਬਦ "ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ" ਦੇ ਅਰਥ ਸਾਡੇ ਜ਼ਹਿਨ ਵਿੱਚੋਂ ਅਸਲੋਂ ਹੀ ਮਨਫੀ ਹੋ ਗਏ ਹਨ। ਕਦੇ ਪੰਜਾਬ ਦਾ ਵਾਤਾਵਰਣੀ ਮਿਆਰ ਬੜਾ ਆਹਲਾ ਸੀ, ਪਰ ਹੁਣ ਜੋ ਹਾਲਾਤ ਬਣ ਜਾਂ ਬਣਾ ਦਿੱਤੇ ਗਏ ਹਨ, ਉਹ ਬੜੇ ਤ੍ਰਾਸਦਿਕ ਹਨ। ਜੇ ਅਸੀਂ ਇਸੇ ਤਰ੍ਹਾਂ ਹੀ ਵਾਤਾਵਰਣ ਦੀ ਸੰਭਾਲ ਤੋਂ ਨਾਬਰ ਹੋਏ ਰਹੇ ਤਾਂ ਪਛਤਾਵੇ ਤੋਂ ਬਿਨਾ ਸਾਡੇ ਪੱਲੇ ਕੁਝ ਨਹੀਂ ਰਹਿ ਜਾਣਾ; ਤੇ ਲਾਪ੍ਰਵਾਹ ਹੋਏ ਜਿਸ ਕਿਸਮ ਦਾ ਚੌਗਿਰਦਾ ਅਸੀਂ ਤਿਆਰ ਕਰ ਰਹੇ ਹਾਂ, ਉਹ ਸਾਡੇ ਸਮੇਤ ਸਾਡੀਆਂ ਪੀੜ੍ਹੀਆਂ ਲਈ ਵੀ ਘਾਤਕ ਹੈ। ਇਸ ਲੇਖ ਵਿੱਚ ਪੰਜਾਬ ਦੇ ਚੌਗਿਰਦੇ ਦੀ ਤਬਾਹੀ ਦੇ ਕਾਰਨਾਂ ਅਤੇ ਨਤੀਜਿਆਂ ਸਮੇਤ ਦੋਸ਼ੀ ਧਿਰਾਂ ਦਾ ਜ਼ਿਕਰ ਕਰਦਿਆਂ ਲੇਖਕ ਵਿਜੈ ਬੰਬੇਲੀ ਨੇ ਕੁਦਰਤੀ ਸਹਿਹੋਂਦ ਤੋਂ ਨਾਬਰ ਨਾ ਹੋਣ ਦੀ ਗੁਹਾਰ ਲਾਈ ਹੈ...**

**ਵਿਜੈ ਬੰਬੇਲੀ**
**ਫੋਨ: +91-94634 39075**





ਸਮੁੱਚਾ ਪੰਜਾਬ ਸਿਰਫ ਪੰਜ ਆਬਾਂ ਦੀ ਹੀ ਧਰਤੀ ਨਹੀਂ, ਪੰਜ ਰੁੱਤਾਂ ਦੀ ਵੀ ਧਰਤੀ ਹੈ/ਸੀ। ਮਿੱਟੀ ਵਜੋਂ ਸਰਸ਼ਾਰ ਅਤੇ ਜੰਗਲਾਂ ਵਲੋਂ ਸਰ-ਸਬਜ਼। ਕੁਦਰਤ ਸਾਡੇ ਉੱਤੇ ਬੜੀ ਮੇਹਰਬਾਨ ਸੀ। ਇਹ ਜੰਗਲਾਂ ਅਤੇ ਦਰਿਆਵਾਂ ਕਾਰਨ ਹੀ ਸੀ ਕਿ ਅਸੀਂ ਉਪਜਾਊ ਮਿੱਟੀ ਵਲੋਂ ਰੱਜੇ-ਪੁੱਜੇ ਸਾਂ ਅਤੇ ਮਿੱਤਰ ਜੀਵਾਂ ਤੇ ਪਸ਼ੂ ਧਨ ਵਜੋਂ ਵੀ ਮਾਲਾਮਾਲ। ਪਹਿਲ ਪਲੱਕੜਿਆਂ ਵਿੱਚ ਪੰਜਾਬ ਦਾ ਵਾਤਾਵਰਣੀ ਮਿਆਰ ਬੜਾ ਆਹਲਾ ਸੀ, ਆਬੋ-ਹਵਾ ਵਜੋਂ ਉੱਤਮ। ਅੱਜ ਪੰਜਾਬ ਦੀ ਸੱਭਿਅਤਾ ਅਤੇ ਸੰਸਕ੍ਰਿਤੀ ਖਤਰੇ ਵਿੱਚ ਹੈ। ਜੰਗਲਾਂ ਤੇ ਜਨੌਰਾਂ ਦਾ ਸਫਾਇਆ, ਜਲ-ਤੱਗੀਆਂ ਅਤੇ ਜਲ ਸੋਮਿਆਂ ਦਾ ਮਰ-ਮੁੱਕ ਜਾਣਾ; ਮਿੱਟੀ, ਪਾਣੀ ਅਤੇ ਹਵਾ ਦਾ ਦੂਸ਼ਿਤ ਹੋਣਾ ਆਉਣ ਵਾਲੇ ਸੰਕਟਾਂ, ਜਿਹੜੇ ਸੰਭਾਲੇ ਨਹੀਂ ਜਾਣੇ, ਦੀ ਕਨਸੋਅ ਹਨ। ਸਾਡੀਆਂ, ਖਾਸ ਕਰਕੇ ਹਾਕਮ-ਜਮਾਤਾਂ ਦੀਆਂ, ਨਾਲਾਇਕੀਆਂ ਕਾਰਨ ਪੰਜਾਬ ਦੀਆਂ ਕਦਰਾਂ-ਕੀਮਤਾਂ, ਧਰੋਹਰ, ਕੁਦਰਤੀ ਸੋਮੇ ਅਤੇ ਰੁੱਤਾਂ ਮਲੀਆਮੇਟ ਹੋ ਰਹੀਆਂ ਹਨ।

ਦਰ-ਹਕੀਕਤ ਪੰਜਾਬ ਵੱਖ-ਵੱਖ ਵਾਤਾਵਰਣੀ ਪ੍ਰਬੰਧਾਂ (ਈਕੋ ਸਿਸਟਮ) ਵਾਲਾ ਖਿੱਤਾ ਹੈ/ਸੀ, ਜਿਸ ਵਿੱਚ ਜੰਗਲ, ਪਹਾੜ, ਬਹੁ-ਪਰਤੀ ਕੰਢੀ ਖਿੱਤਾ, ਮੈਦਾਨ, ਜਲ ਵਹਿਣ ਅਤੇ ਜਲ-ਸੋਮੇ ਆਦਿ ਸ਼ੁਮਾਰ ਹਨ। ਲੋੜਾਂ ਅਤੇ ਸਭ ਕੁੱਝ ਇੱਕੋ ਵਾਰ ਹੂੰਝ ਲੈਣ ਦੀ ਸਿਰਜ ਦਿੱਤੀ ਗਈ ਬਿਰਤੀ ਤੇ 'ਹਰੀ ਕ੍ਰਾਂਤੀ' ਨੇ ਕੁਦਰਤੀ ਸਾਵੇਂਪਨ ਨੂੰ ਬੜਾ ਨੁਕਸਾਨ ਪਹੁੰਚਾਇਆ ਹੈ। ਸੱਚ ਹੈ, ਹਰ ਖਿੱਤੇ ਦੀ ਸਭਿਅਤਾ ਦਾ ਜਨਮ ਕਿਸੇ ਨਦੀ ਕੰਢੇ ਹੋਇਆ ਹੈ, ਪਰ ਇਹ ਵੀ ਝੂਠ ਨਹੀਂ ਕਿ ਹਰ ਸੱਭਿਅਤਾ ਦਾ ਪਤਨ ਵੀ ਬਾਂਝ ਕਰ ਦਿੱਤੀ ਗਈ ਮਿੱਟੀ ਕਾਰਨ ਹੀ ਹੋਇਆ। ਕੁਦਰਤ ਲੋੜਾਂ ਦੀ ਪੂਰਤੀ ਕਰਦੀ ਹੈ, ਲਾਲਸਾਵਾਂ ਦੀ ਨਹੀਂ। ਜਦੋਂ ਪੌਣ ਅਤੇ ਪਾਣੀ ਗੰਧਲੇ ਹੋ ਜਾਣ ਤਾਂ ਸੋਚਾਂ ਅਤੇ ਵਿਹਾਰ ਕੁਰਾਹੇ ਪੈ ਜਾਂਦਾ ਹੈ। ਪੰਜਾਬ, ਜਿਸਨੇ ਪਰੰਪਰਾਗਤ ਖੇਤੀ ਰਾਹੀਂ ਜੈਵਿਕ ਵਿਭਿੰਨਤਾ ਦਾ ਸੰਤੁਲਨ, ਕੁਦਰਤੀ ਜ਼ਰਖੇਜਤਾ ਗ੍ਰਹਿਣ ਕਰ ਲੈਣ ਦਾ ਅਮਲ ਅਪਣਾਇਆ ਹੋਇਆ ਸੀ, ਨੂੰ ਮੁਕੰਮਲ ਮਸ਼ੀਨੀ, ਰਸਾਇਣਕ ਅਤੇ ਹਾਈਬਰੈਡ ਖੇਤੀ ਦੇ ਕੁਰਾਹੇ ਪਾ ਦਿੱਤਾ ਗਿਆ ਹੈ। ਖੇਤ ਛੋਟੇ ਹੋ ਰਹੇ ਹਨ ਤੇ ਮਸ਼ੀਨਾਂ ਵੱਡੀਆਂ, ਖੇਤਾਂ ਵਿੱਚ ਹੁਣ ਮੌਤ ਉੱਗਦੀ ਹੈ।

ਪੰਜਾਬ ਵਿੱਚ ਗੈਰ-ਕੁਦਰਤੀ, ਅਣਸਾਵੇਂ ਵਿਕਾਸ ਅਤੇ ਅਖੌਤੀ ਆਧੁਨਿਕਤਾ ਕਾਰਨ ਚੌਗਿਰਦੇ ਵਿੱਚ ਸਸਪੈਂਡਡ ਪਾਰਟੀਕਲ ਮੈਟਰ, ਭਾਵ ਉਹ ਗੈਰ-ਜਰੂਰੀ ਤੱਤ, ਜਿਹੜੇ ਮਿੱਟੀ ਅਤੇ ਪੌਣ-ਪਾਣੀ ਵਿੱਚੋਂ ਮਨਫੀ ਹੋਣੇ ਚਾਹੀਦੇ ਹਨ ਅਤੇ ਨਾਈਰਟੋਜਨ ਆਕਸਾਈਡ ਜ਼ਹਿਰ ਵਧ ਰਹੇ ਹਨ। ਹਵਾ ਵਿੱਚ ਐੱਸ.ਪੀ.ਐਮ. ਦੀ ਮਾਤਰਾ 100 ਤੋਂ 200 ਮਾਈਕਰੋਗ੍ਰਾਮ (ਲਘੂ ਗ੍ਰਾਮ) ਹੋਣੀ ਚਾਹੀਦੀ ਹੈ, ਪ੍ਰੰਤੂ ਇਹ 296 ਤੋਂ 586 ਮਾਈਕਰੋਗ੍ਰਾਮ ਪ੍ਰਤੀ ਘਣ ਮੀਟਰ ਹੋ ਗਈ ਹੈ। ਇਸੇ ਤਰ੍ਹਾਂ ਨਾਈਟਰੋਜਨ ਆਕਸਾਈਡ ਦੀ ਮਾਤਰਾ 30 ਮਾਈਕਰੋਗ੍ਰਾਮ ਪ੍ਰਤੀ ਕਿਊਬਿਕ ਮੀਟਰ ਹੋਣੀ ਚਾਹੀਦੀ ਹੈ, ਪਰ ਇਹ 56 ਤੱਕ ਪਹੁੰਚ ਗਈ ਹੈ। ਕਾਰਨ ਹਨ-ਘਣੀ ਖੇਤੀ, ਵਾਹਨਾਂ ਦੇ ਝੁੰਡ, ਬੇ-ਨੱਥੇ ਉਦਯੋਗ ਅਤੇ ਧੂੰਆਂ-ਰਾਲੀ। ਇਸ ਤੋਂ ਬਿਨਾ ਚੈਨ ਖੋਹੂ ਸ਼ੋਰ ਪ੍ਰਦੂਸ਼ਣ ਨੇ ਵੀ ਆਬੋ-ਹਵਾ ਅਤੇ ਜੀਵ-ਸੰਸਾਰ ਦੀ ਜੜ੍ਹੀਂ ਅੱਕ ਦੇ ਦਿੱਤਾ ਹੈ, ਬਨਾਵਟੀ ਖਾਦਾਂ ਅਤੇ ਨਦੀਨ ਤੇ ਕੀਟਨਾਸ਼ਕਾਂ ਨੇ ਵੀ ਘਾਣ ਕੀਤਾ ਹੈ, ਮਿੱਤਰ ਜੀਵ ਲੁਪਤ।

ਖੇਤਰਫਲ ਵਜੋਂ ਪੰਜਾਬ ਭਾਰਤ ਦੇ ਮੁਕਾਬਲੇ ਮਹਿਜ ਡੇਢ ਫੀਸਦੀ ਰਕਬੇ ਦਾ ਮਾਲਕ ਹੈ, ਪਰ ਇਹ ਭਾਰਤ ਦੀਆਂ ਕੁੱਲ ਖੇਤੀ ਜ਼ਹਿਰਾਂ ਦਾ ਪੰਜਵਾਂ ਹਿੱਸਾ (20%) ਵਰਤਦਾ ਹੈ ਅਤੇ ਕੁੱਲ ਬਨਾਵਟੀ ਖਾਦਾਂ ਦਾ ਤੀਜਾ ਹਿੱਸਾ, ਜਿਸਨੇ ਸਾਡੀ ਆਬੋ-ਹਵਾ ਅਤੇ ਧਨ ਹੂੰਝ ਲਿਆ ਹੈ। ਫਲੀਦਾਰ ਫਸਲਾਂ ਅਰਥਾਤ ਤੇਲ ਬੀਜ ਅਤੇ ਦਾਲਾਂ, ਜਿਹੜੀਆਂ ਮੋੜਵੇਂ ਰੂਪ ਵਿੱਚ ਮਿੱਤਰ ਕੀਟਾਂ ਅਤੇ ਮਿੱਟੀ ਨੂੰ ਵਿਗਸਣ ਤੇ ਸਿਹਤਯਾਬ ਹੋਣ ਲਈ ਬੜਾ ਕੁੱਝ ਦਿੰਦੀਆਂ ਸਨ, ਤਕਰੀਬਨ ਅਸੀਂ ਬੀਜਣੋਂ ਹਟਾ ਦਿੱਤੇ ਗਏ ਹਾਂ। ਇੱਕੋ ਤਰ੍ਹਾਂ ਦੀਆਂ ਫਸਲਾਂ ਨੇ ਮਿੱਟੀ, ਪਾਣੀ, ਮੌਸਮਾਂ ਸਮੇਤ ਪੌਦ ਅਤੇ ਜੀਵ ਵਿਭਿੰਨਤਾ ਨੂੰ ਲੈ ਬੈਠਣਾ ਹੈ। ਝੋਨਾ-ਕਣਕ ਦੋ ਫਸਲੀ ਜਾਂ ਹਾਈਬਰੈਡਡ ਨਰਮਾ ਪ੍ਰਣਾਲੀ ਜਾਂ ਸਿਰੇ ਦੀ ਬੇਮੌਸਮੀ ਸਬਜ਼ੀਆਂ ਤਹਿਤ ਵਰਤੀਆਂ ਮਣਾਂ-ਮੂੰਹੀ ਰਸਾਇਣਕ ਖਾਦਾਂ ਅਤੇ ਨਦੀਨਨਾਸ਼ਕ, ਉੱਲੀਨਾਸ਼ਕ, ਕੀਟਨਾਸ਼ਕਾਂ ਨਾਲ 1:300 ਦੇ ਅਨੁਪਾਤ ਨਾਲ ਦੁਸ਼ਮਣ ਅਤੇ ਮਿੱਤਰ ਕੀੜਿਆਂ ਦਾ ਸਰਬਨਾਸ਼ ਅਰਥਾਤ ਇੱਕ ਦੁਸ਼ਮਣ ਨੂੰ ਮਾਰਨ ਦੇ ਇਵਜ਼ ਵਿੱਚ 300 ਮਿੱਤਰ ਕੀੜਿਆ ਦੀ ਬਲੀ ਲੈ ਲਈ ਜਾਂਦੀ ਹੈ। ਇੱਕ ਵੰਨਗੀ ਦੇ ਪੌਦ ਜਾਂ ਜੀਵ ਖਤਮ ਹੋ ਜਾਣ ਨਾਲ, ਉਸ ਵੰਨਗੀ ਉੱਤੇ ਨਿਰਭਰ 10 ਤੋਂ 20 ਵੰਨਗੀਆਂ ਦੇ ਜੀਵਾਂ ਦਾ ਜੀਵਨ ਖਤਰੇ ਵਿੱਚ ਪੈ ਜਾਂਦਾ ਹੈ। ਅਨਾਜ ਦੀ ਹਰ ਤੀਜੀ ਵੰਨਗੀ ਅਤੇ ਫਲਾਂ ਦੀਆਂ ਤਕਰੀਬਨ ਸਾਰੀਆਂ ਵੰਨਗੀਆਂ ਨੂੰ ਪਰਾਗਦਾਨੀ ਅਤੇ ਮਲੜ੍ਹ ਜੀਵਾਂ, ਗੰਡੋਇਆ ਆਦਿ, ਦੀ ਮਦਦ ਦੀ ਲੋੜ ਪੈਂਦੀ ਹੈ। ਇਨ੍ਹਾਂ ਦੀ ਅਣਹੋਂਦ ਨਾਲ ਮਿਆਰੀ ਫਲ, ਸਬਜ਼ੀਆਂ ਅਤੇ ਅਨਾਜ ਪੈਦਾ ਕਰਨਾ ਅਸੰਭਵ ਹੈ, ਪਰ ਪੰਜਾਬ ਬਨਾਵਟੀ ਤਕਨੀਕਾਂ ਮਗਰ ਨੱਠਾ ਫਿਰਦਾ ਹੈ; ਪਛਤਾਓਂਗੇ!

ਮਸ਼ਹੂਰ ਖੇਤੀ ਵਿਗਿਆਨੀ ਸਵਾਮੀਨਾਥਨ ਨੇ ਪੰਜਾਬ ਨੂੰ ਖਬਰਦਾਰ ਕੀਤਾ ਸੀ, "ਜੇਕਰ ਅਸੀਂ ਮਿੱਟੀ ਦੀ ਰਸਾਇਣ ਆਧਾਰਤ ਵਰਤੋਂ ਲਗਾਤਾਰ ਕਰਦੇ ਰਹੇ ਤਾਂ ਸਾਨੂੰ ਤਿੰਨ ਸਿੱਟੇ ਭੁਗਤਣੇ ਪੈਣਗੇ: ਪਹਿਲਾਂ, ਸਾਡੀ ਖੁਰਾਕ ਵਿੱਚ ਪੌਸ਼ਟਿਕ ਤੱਤਾਂ ਦੀ ਘਾਟ ਹੋ ਜਾਵੇਗੀ; ਦੂਜਾ, ਰਸਾਇਣਾਂ ਦੀ ਵਰਤੋਂ ਸਾਡੇ ਹੱਕ ਵਿੱਚ ਨਹੀਂ ਰਹੇਗੀ ਅਤੇ ਤੀਜਾ, ਅਸੀਂ ਮਿੱਟੀ ਦੀ ਉਪਜਾਊ ਸ਼ਕਤੀ ਗੁਆ ਬੈਠਾਂਗੇ।" ਅਤੇ ਚੌਥਾ; ਅਸੀਂ ਵਾਤਾਵਰਣ ਤੇ ਮੌਸਮ ਵੀ ਵਿਗਾੜ ਬੈਠਾਂਗੇ, ਸਿੱਟੇ ਵਜੋਂ ਖੁਦ ਮਧੋਲੇ ਜਾਵਾਂਗੇ। ਪੰਜਾਬ ਦਾ ਖੇਤੀ ਸੰਕਟ ਸਿਰਫ਼ ਸਰੋਤਾਂ ਦੀ ਸੁਚੱਜੀ ਵਰਤੋਂ ਦੀ ਘਾਟ ਦਾ ਹੀ ਸਿੱਟਾ ਨਹੀਂ, ਸਗੋਂ ਕੁਦਰਤੀ ਸਹਿਹੋਂਦ ਤੋਂ ਨਾਬਰ ਹੋਣ, ਵਿਗਿਆਨ ਦੀ ਅੰਨੇਵਾਹ, ਕਾਹਲ-ਭਰੀ ਅਤੇ ਹੱਦੋਂ ਵੱਧ ਵਰਤੋਂ ਦਾ ਸਿੱਟਾ ਹੈ। ਅਸੀਂ ਅਗਲੀ ਤੇ ਬੰਪਰ ਫਸਲ ਬੀਜਣ ਅਤੇ ਤੀਲੀ ਲਾਉਣ ਲਈ ਬੜੇ ਕਾਹਲੇ ਹਾਂ। ਲੰਬੇ ਸਮੇਂ ਤੋਂ ਖੁਰਾਕ ਅਤੇ ਆਰਥਿਕ ਯੋਜਨਾਵਾਂ ਸਬੰਧੀ ਇਹ ਸੋਚ, "...ਕਿ ਉਤਪਾਦਨ ਕਿਸੇ ਵੀ ਕੀਮਤ 'ਤੇ ਮਹਿੰਗਾ ਨਹੀਂ।" ਇਸੇ ਪ੍ਰਵਿਰਤੀ ਨੇ ਹੀ ਕੁਦਰਤੀ ਸਰੋਤਾਂ ਦੀ, ਦਰ-ਹਕੀਕਤ ਸਾਡੀ, ਤਬਾਹੀ ਕੀਤੀ ਹੈ। ਕੁਦਰਤੀ ਸਰੋਤਾਂ ਵਿੱਚ ਮਿੱਟੀ, ਪਾਣੀ ਅਤੇ ਹਵਾ ਅਹਿਮ ਤੱਤ ਹਨ। ਅਸੀਂ ਇਨ੍ਹਾਂ ਨੂੰ ਜ਼ਹਿਰਾਉਣ, ਮੁਕਾਉਣ ਅਤੇ ਗੰਧਲਾਉਣ ਲੱਗੇ ਹੋਏ ਹਾਂ।

ਪਰ ਸਾਰਾ ਉਲਾਭਾਂ 'ਆਧੁਨਿਕ ਖੇਤੀ' ਨੂੰ ਨਹੀਂ ਦਿੱਤਾ ਜਾ ਸਕਦਾ। ਇੱਕ ਸਾਫਟ ਡਰਿੰਕ ਬਣਾਉਣ ਲਈ 15 ਲੀਟਰ ਪਾਣੀ ਦੀ ਖਪਤ, ਲੀਟਰ ਕੁ ਬੀਅਰ-ਵਾਇਨ ਹਿੱਤ 25 ਲੀਟਰ ਅਤੇ ਇੱਕ ਯੂਨਿਟ ਮੋਟਰ/ਕਾਰ ਲਈ 4 ਲੱਖ ਲੀਟਰ ਪਾਣੀ ਹੂੰਝ-ਵਰਤ ਜਾਂ ਗੰਧਲਾਅ ਦਿੱਤਾ ਜਾਂਦਾ ਹੈ। ਹੋਰ ਤਾਂ ਹੋਰ ਚਾਰ-ਪੰਜ ਸੌ ਕਮਰਿਆਂ ਵਾਲਾ 'ਸਟਾਰ-ਹੋਟਲ' ਰੋਜ਼ਾਨਾ 6 ਲੱਖ ਲੀਟਰ ਪਾਣੀ ਨਾਲੀਆਂ 'ਚ ਰੋੜ੍ਹ ਦਿੰਦਾ ਹੈ। ਇੱਕ ਸਧਾਰਨ ਜਿਹੀ ਡਿਸਟਲਿਰੀ, ਜਿਹੜੀ ਪ੍ਰਤੀ ਦਿਨ 40 ਹਜ਼ਾਰ ਲੀਟਰ ਸ਼ਰਾਬ ਬਣਾਉਂਦੀ ਹੈ, ਰੋਜ਼ਾਨਾ 5 ਲੱਖ ਲੀਟਰ ਵਿਹੁਲੀ ਰਹਿੰਦ-ਖੂੰਹਦ ਪੈਦਾ ਕਰਕੇ ਜਲ-ਵਹਿਣਾਂ ਵਿੱਚ ਜਾਂ ਧਰਤੀ ਵਿੱਚ ਇਨਜੈਕਟ ਕਰ ਦਿੰਦੀ ਹੈ। ਇਹੀ ਹਾਲ, ਊਨੀ-ਸੂਤੀ ਕੱਪੜਾ, ਡਾਇੰਗ, ਨਿੱਕਲ ਅਤੇ ਰੰਗਾਈ ਕਾਰਖਾਨਿਆਂ ਦਾ ਹੈ। ਵਾਤਾਵਰਣੀ ਸੁਰੱਖਿਅਤ ਨਿਯਮ ਇਸ ਨਿਕਾਸ ਨੂੰ ਜਲ-ਵਹਿਣ 'ਚ ਰੋੜ੍ਹਨ ਲਈ 30 ਤੋਂ 100 ਮਿਲੀਗ੍ਰਾਮ ਪ੍ਰਤੀ ਲੀਟਰ ਦੀ ਆਗਿਆ ਦਿੰਦੇ ਹਨ, ਪਰ ਸਾਡੇ ਕਰਖਾਨੇ 50 ਹਜ਼ਾਰ ਮਿਲੀਗ੍ਰਾਮ ਪ੍ਰਤੀ ਲੀਟਰ ਭਾਵ ਭਿਆਨਕ ਦਰ ਨਾਲ ਡੋਲ੍ਹ ਰਹੇ ਹਨ। ਸਿੱਟੇ ਵਜੋਂ ਪੰਜ-ਆਬਾਂ ਦੀ ਧਰਤੀ ਸ਼ੁੱਧ ਘੁੱਟ ਨੂੰ ਤਰਸਣ ਲੱਗ ਪਈ ਹੈ।

ਇਹੀ ਕਾਰਨ ਹੈ ਕਿ ਸਾਡੇ ਜਲ ਸੋਮਿਆਂ 'ਤੇ ਕਬਜ਼ਿਆਂ ਦੀ ਸਾਜ਼ਿਸ਼ ਰਚੀ ਜਾ ਰਹੀ ਹੈ ਅਤੇ ਬੋਤਲਬੰਦ ਪਾਣੀ ਦੇ ਨਾਂ ਉੱਤੇ ਸਾਡਾ ਬਹੁਪਰਤੀ ਸੋਸ਼ਣ ਹੋਣਾ ਸ਼ੁਰੂ ਹੋ ਗਿਆ ਹੈ। ਇਕੱਲੀ ਕੋਕਾ ਕੋਲਾ ਕੰਪਨੀ ਸਾਲਾਨਾ 355 ਕਰੋੜ ਲੀਟਰ ਪਾਣੀ ਦੀ ਖਪਤ ਕਰਦੀ ਹੈ, ਜਿਸ ਨਾਲ 24 ਹਜ਼ਾਰ ਏਕੜ ਜ਼ਮੀਨ ਦੀ ਸਿੰਚਾਈ ਕੀਤੀ ਜਾ ਸਕਦੀ ਹੈ। ਇਹ ਸਾਡਾ ਸਾਲਾਨਾ 8 ਹਜ਼ਾਰ ਕਰੋੜ ਰੁਪਈਆ ਹੀ ਨਹੀਂ ਲੁੱਟਦੀ, ਸਗੋਂ ਕਈ ਹੋਰ ਅਲਾਮਤਾਂ ਵੀ ਖੜ੍ਹੀਆਂ ਕਰ ਰਹੀ ਹੈ। ਪੰਜਾਬ ਦੇ ਪ੍ਰਦੂਸ਼ਣ, ਚਾਹੇ ਉਹ ਜਲ ਪ੍ਰਦੂਸ਼ਣ ਹੈ, ਥਲ ਪ੍ਰਦੂਸ਼ਣ ਹੈ ਜਾਂ ਹਵਾ ਅਤੇ ਸ਼ੋਰ ਪ੍ਰਦੂਸ਼ਣ, ਦਾ ਵੱਡਾ ਹਿੱਸਾ ਉਦਯੋਗਾਂ ਆਦਿ ਦੁਆਰਾ ਫੈਲਾਇਆ ਜਾਂਦਾ ਹੈ। ਭਾਵੇਂ ਸ਼ੋਰ ਪ੍ਰਦੂਸ਼ਣ ਦੇ ਮੁੱਖ ਕਾਰਨ ਸਪੀਕਰ ਅਤੇ ਵਾਹਨ ਹਨ, ਪਰ ਇਸਨੂੰ ਜਜ਼ਬ ਕਰਨ ਵਾਲੇ ਜੰਗਲ-ਬੇਲੇ ਵੀ ਅਸੀਂ ਵੱਢ-ਟੁੱਕ ਦਿੱਤੇ ਹਨ। ਪੰਜਾਬ ਸ਼ੁੱਧ ਹਵਾ ਦੇ ਭੰਡਾਰ ਅਤੇ ਖੁਸ਼ਗਵਾਰ ਮੌਸਮਾਂ ਦੇ ਪੂਰਕ ਜੰਗਲਾਂ, ਜਿਹੜੇ ਜ਼ਹਿਰਾਂ ਸਮੇਟਣ ਵਾਲੇ ਨੀਲ ਕੰਠ ਸਨ, ਵਲੋਂ ਵੀ ਹੱਥ ਧੋਅ ਬੈਠਾ ਹੈ। ਕੁਦਰਤੀ ਸਾਵੇਂਪਨ ਲਈ ਕੁੱਲ ਰਕਬੇ 'ਤੇ 33% ਰੁੱਖ ਹੋਣੇ ਚਾਹੀਦੇ ਹਨ। ਇਸ ਪੱਖੋਂ ਪੰਜਾਬ ਦੀ ਦਸ਼ਾ ਬੜੀ ਤਰਸਯੋਗ ਹੈ, ਮਹਿਜ 6% ਦਰੱਖਤ। ਬਿਰਖਾਂ ਦੀ ਅਣਹੋਂਦ ਕਾਰਨ ਹਵਾ ਵਿੱਚ ਜ਼ਹਿਰਾਂ ਖਾਸ ਕਰਕੇ ਕਾਰਬਨਡਾਇਆਕਸਾਈਡ ਵੱਧ ਰਹੀ ਹੈ, ਜਿਸਨੂੰ ਸਿਰਫ ਪ੍ਰਕਾਸ਼ ਸੰਸਲੇਸ਼ਣ ਰਾਹੀਂ, ਬਿਰਖ ਹੀ ਆਕਸੀਜਨ 'ਚ ਤਬਦੀਲ ਕਰਨ ਦੇ ਸਮਰੱਥ ਹਨ। ਪੰਜਾਬ 'ਚ ਘੱਟਦੀ ਬਰਸਾਤ ਪਰ ਐਲਰਜੀ ਤੇ ਸਾਹ ਰੋਗਾਂ ਦੀ ਵੱਧਦੀ ਮਿਕਦਾਰ ਦਾ ਵੱਡਾ ਕਾਰਨ ਦਰੱਖਤਾਂ ਦੀ ਕਮੀ ਹੈ।

ਸਿਰਫ ਦਰੱਖਤਾਂ ਦੀ ਕਮੀ ਹੀ ਨਹੀਂ, ਵੱਧ ਰਿਹਾ ਕੰਕਰੀਟ-ਕਲਚਰ, ਪਲਾਸਟਿਕ, ਬੇਤਹਾਸ਼ਾ ਵਾਹਨ ਤੇ ਹੁਣ ਮੋਬਾਇਲ ਕਲਚਰ, ਕੂੜਾ-ਕਰਕਟ, ਧੜਵੈਲ ਇਮਾਰਤਾਂ ਵਿੱਚ ਅਤੇ ਸੜਕਾਂ 'ਤੇ ਖੌਰੂ ਪਾਉਂਦਾ 'ਰੱਬ', ਪੈਟਰੋਲੀਅਮ ਪਦਾਰਥਾਂ ਤੇ ਏਅਰਕੰਡੀਸ਼ਨਰ-ਰੈਫਰੀਜਰੇਸ਼ਨ ਦੀ ਗੈਰ-ਜਰੂਰੀ ਵਰਤੋਂ, ਫੈਸ਼ਨ-ਇਸ਼ਤਿਹਾਰ-ਮੰਡੀਵਾਦ ਅਤੇ 'ਭੌਤਿਕ ਸਹੂਲਤਾਂ' ਮਗਰ ਹਾਫਲੀ ਦੌੜ, ਜਾਣੀ ਖੱਪਤਵਾਦ ਵੀ ਪੰਜਾਬ ਦੀ ਫਿਜ਼ਾ ਵਿਗਾੜਨ ਵਿੱਚ ਕੁਚੱਜਾ ਹਿੱਸਾ ਪਾ ਰਿਹਾ ਹੈ। ਵਾਤਾਵਰਣ ਦੀ ਸਮੱਸਿਆ ਅੱਜ ਪੂਰੇ ਵਿਸ਼ਵ ਦੀ ਚਿੰਤਾ ਦਾ ਵਿਸ਼ਾ ਬਣੀ ਹੋਈ ਹੈ। ਭਾਰਤ ਦੁਨੀਆਂ ਦਾ ਪਹਿਲਾ ਦੇਸ਼ ਹੈ, ਜਿਸ ਨੇ 1976 ਵਿੱਚ 42ਵੀਂ ਸੰਵਿਧਾਨਕ ਦੇ ਭਾਗ-4 ਦੀ ਧਾਰਾ 48-ਏ ਤਹਿਤ ਵਾਤਾਵਰਣ, ਜੰਗਲਾਂ, ਜੰਗਲੀ ਜੀਵਾਂ ਅਤੇ ਕੁਦਰਤੀ ਸੋਮਿਆਂ ਦੀ ਸੰਭਾਲ ਤੇ ਸੁਰੱਖਿਆ ਇੱਕ ਸੰਵਿਧਾਨਕ ਜ਼ਿੰਮੇਵਾਰੀ ਬਣਾਈ ਸੀ। ਫਿਰ ਪ੍ਰਦੂਸ਼ਣ ਰੋਕਥਾਮ ਐਕਟ-1974, ਹਵਾ ਪ੍ਰਦੂਸ਼ਣ ਰੋਕਥਾਮ ਐਕਟ-1981 ਅਤੇ ਸ਼ੋਰ ਪ੍ਰਦੂਸ਼ਣ ਐਕਟ-1986 ਹੋਂਦ ਵਿੱਚ ਆਇਆ। ਮਗਰੋਂ ਕਈ ਸੋਧਾਂ ਅਤੇ ਹੋਰ ਨਿਯਮਾਂ-ਕਾਨੂੰਨਾਂ ਤਹਿਤ ਵਾਤਾਵਰਣੀ ਫਰਜ਼ਾਂ ਅਤੇ ਅਮਲ ਯਕੀਨੀ ਬਣਾਉਣ ਹਿੱਤ ਸਬੰਧਿਤ ਕਾਨੂੰਨਾਂ ਨੂੰ ਹੋਰ ਪੱਕੇ ਪੈਰੀਂ ਕੀਤਾ; ਪਰ ਸਿਆਸੀ ਇੱਛਾ ਸ਼ਕਤੀ ਦੀ ਘਾਟ, ਬਦਨੀਤੀ ਅਤੇ ਰਿਸ਼ਵਤਾਂ ਦੇ ਝੱਸ, 'ਸਿਆਸੀ ਫੰਡਾਂ' ਤੇ ਵੋਟਾਂ ਦੀ ਹਿਰਸ ਕਾਰਨ ਸੱਭ ਵਿਅਰਥ।

ਕੀ ਸਿਰਫ 'ਸਰਕਾਰਾਂ ਹੀ ਜ਼ਿੰਮੇਵਾਰ ਹਨ? ਨਹੀਂ! ਕਸੂਰ ਸਾਡਾ ਵੀ ਹੈ। ਹੋਰ ਤਾਂ ਹੋਰ ਅਸਾਂ ਚੌਗਿਰਦੇ ਅਤੇ ਵਾਤਾਵਰਣ ਸਬੰਧੀ ਸੁਪਰੀਮ ਕੋਰਟ ਦੇ ਦਿਸ਼ਾ-ਨਿਰਦੇਸ਼ਾਂ ਅਤੇ ਹੁਕਮਾਂ ਨੂੰ ਵੀ ਟਿੱਚ ਜਾਣਿਆ। ਸਿਰਫ 'ਸਰਕਾਰ ਜੀ' ਨੇ ਹੀ ਨਹੀਂ, ਸਗੋਂ ਜਨਤਾ ਨੇ ਵੀ। 'ਜਨਤਾ?' ਜੀ ਹਾਂ; ਮਿਸਾਲ ਵਜੋਂ, ਤੁਸੀਂ ਅਕਾਲ ਤਖ਼ਤ ਸਾਹਿਬ ਵਲੋਂ 'ਕੰਨ-ਪਾੜ੍ਹਵੇਂ ਪ੍ਰਵਚਨਾਂ' ਨੂੰ ਸਹਿਜ ਅਤੇ ਸਿਰਫ 'ਧਾਰਮਿਕ ਇਮਾਰਤ' ਦੀ ਹਦੂਦ ਅੰਦਰ ਰੱਖਣ ਦੇ 'ਹੁਕਮਨਾਮਾ' ਉਤੇ ਕੀਤੇ ਜਾ ਰਹੇ 'ਅਮਲ' ਨੂੰ ਵਾਚ ਸਕਦੇ ਹੋ। ਹਾਂ; ਚੌਗਿਰਦਾ ਵਿਗਾੜਾਂ ਨੂੰ ਜਰਬ੍ਹਾਂ ਦੇਣ ਵਿੱਚ 'ਸਿਆਸੀ ਬੁਰਜ', 'ਨਿੱਜ ਅਤੇ ਹਾਕਮ-ਪ੍ਰਸਤ ਅਧਿਆਤਮਵਾਦੀ' ਅਤੇ 'ਧੜਵੈਲ ਧਨ-ਕੁਬੇਰ' ਮੋਹਰੀ ਹਨ, ਪਰ ਪੈਰੀਂ ਕੁਹਾੜਾ ਮਾਰਨ ਵਿੱਚ ਪਿੱਛੇ ਅਸੀਂ-ਤੁਸੀਂ ਵੀ ਨਹੀਂ।

# ਪੰਜਾਬ ਯੂਨੀਵਰਸਿਟੀ ਨੂੰ ਲੈ ਕੇ ਛਿੜੇ ਵਿਵਾਦ ਦਾ ਕੱਚ-ਸੱਚ

**ਕਮਲਜੀਤ ਸਿੰਘ ਬਨਵੈਤ**
**ਫੋਨ: +91-98147-34035**




ਪੰਜਾਬ ਯੂਨੀਵਰਸਿਟੀ ਵਿਚ ਪੜ੍ਹਨਾ ਅਤੇ ਪੜ੍ਹਾਉਣਾ ਦੋਵੇਂ ਮਾਣ ਦੀਆਂ ਗੱਲਾਂ ਹਨ। ਮੁਲਕ ਦੇ ਵਿਦਿਅਕ ਅਦਾਰਿਆਂ ਦੀ ਦਰਜਾਬੰਦੀ ਵਿੱਚ ਹੁਣ ਪੰਜਾਬ ਯੂਨੀਵਰਸਿਟੀ ਦਾ ਰੈਂਕ ਹੇਠਾਂ ਆਉਣ ਲੱਗਾ ਹੈ, ਪਰ ਦੇਸ਼-ਵਿਦੇਸ਼ ਵਿੱਚ ਹਾਲੇ ਵੀ ਇਸ ਦੀ ਸ਼ਾਨ ਪਹਿਲਾਂ ਜਿੰਨੀ ਬਰਕਰਾਰ ਹੈ। ਪੰਜਾਬ ਦੀ ਹਿੱਕ ਉੱਤੇ ਅਤੇ ਪੰਜਾਬ ਦੇ ਪੈਸੇ ਨਾਲ ਉਸਾਰੀ ਗਈ ਇਸ ਯੂਨੀਵਰਸਿਟੀ ਨੂੰ ਲੈ ਕੇ ਸਮੇਂ-ਸਮੇਂ ਸੁਆਲ ਉੱਠਦੇ ਰਹੇ ਹਨ। ਕਦੇ ਇਸ ਨੂੰ ਕੇਂਦਰੀ ਯੂਨੀਵਰਸਿਟੀ ਦਾ ਦਰਜਾ ਦੇਣ ਅਤੇ ਕਦੇ ਹਰਿਆਣਾ ਵੱਲੋਂ ਮੁੜ ਤੋਂ ਕਬਜ਼ਾ ਕਰਨ ਦੀਆਂ ਖ਼ਬਰਾਂ ਅਕਸਰ ਅਖਬਾਰਾਂ ਦੀਆਂ ਸੁਰਖੀਆਂ ਬਣੀਆਂ ਹਨ।

ਯੂਨੀਵਰਸਿਟੀ ਨਾਲ ਜੁੜੇ ਤਾਜ਼ਾ ਵਿਵਾਦ ਦੇ ਸੱਚ ਦੇ ਉਸ ਪਾਰ ਜਾਣਾ ਜ਼ਰੂਰੀ ਹੋ ਗਿਆ ਹੈ, ਨਹੀਂ ਤਾਂ ਇਹ ਸਿਆਸਤ ਦੀ ਖੇਡ ਬਣਦੀ ਰਹੇਗੀ। ਪੰਜਾਬ ਦੇ ਰਾਜਪਾਲ ਅਤੇ ਚੰਡੀਗੜ੍ਹ ਦੇ ਪ੍ਰਸ਼ਾਸਕ ਬਨਵਾਰੀ ਲਾਲ ਪਰੋਹਿਤ ਵੱਲੋਂ ਵਿਵਾਦ ਨੂੰ ਸੁਲਝਾਉਣ ਲਈ ਪੰਜਾਬ ਅਤੇ ਹਰਿਆਣਾ ਦੇ ਮੁੱਖ ਮੰਤਰੀਆਂ ਦੀ ਦੋ ਵਾਰ ਮੀਟਿੰਗ ਸੱਦੀ ਗਈ ਹੈ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਾ ਦਾਅਵਾ ਹੈ ਕਿ ਉਨ੍ਹਾਂ ਨੇ ਪੰਜਾਬ ਯੂਨੀਵਰਸਿਟੀ ਨਾਲ ਹਰਿਆਣਾ ਦੇ ਕਾਲਜਾਂ ਨੂੰ ਮੁੜ ਤੋਂ ਜੋੜਨ ਦੀ ਗੱਲ ਨੂੰ ਸਿਰੇ ਤੋਂ ਨਕਾਰ ਦਿੱਤਾ ਹੈ। ਮੁੱਖ ਮੰਤਰੀ ਦਾ ਇਹ ਸਟੈਂਡ ਉਹ ਕਾਬਲ-ਏ-ਤਰੀਫ਼ ਹੈ। ਕੋਈ ਦੋ ਰਾਵਾਂ ਨਹੀਂ ਕਿ ਉਨ੍ਹਾਂ ਨੇ ਰਾਜਪਾਲ ਦੀ ਹਾਜ਼ਰੀ ਵਿੱਚ ਆਪਣੇ ਹਮਰੁਤਬਾ ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨੂੰ ਖਰੀਆਂ-ਖਰੀਆਂ ਵੀ ਸੁਣਾਈਆਂ ਹੋਣਗੀਆਂ।

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਰਾਜਪਾਲ ਨਾਲ ਮੀਟਿੰਗ ਤੋਂ ਬਾਅਦ ਇੱਕ ਪ੍ਰੈਸ ਕਾਨਫੈਂਸ ਕਰਕੇ ਜਿਹੜਾ ਵਾਹਵਾ ਖੱਟਣ ਦਾ ਲਾਹਾ ਲਿਆ ਗਿਆ ਹੈ, ਉਸ ਸੱਚ ਦੇ ਆਰ-ਪਾਰ ਦੀ ਲੜਾਈ ਲਾਜ਼ਮੀ ਹੋ ਗਿਆ ਹੈ। ਮੁੱਖ ਮੰਤਰੀ ਨੇ ਇਸ ਪ੍ਰੈੱਸ ਕਾਨਫਰੰਸ ਵਿੱਚ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਇੱਕ ਪੱਤਰ ਦਾ ਜ਼ਿਕਰ ਕੀਤਾ ਹੈ, ਜਿਸ ਵਿੱਚ ਉਨ੍ਹਾਂ ਨੇ 2008 ਵਿਚ ਭਾਰਤ ਸਰਕਾਰ ਨੂੰ ਇਕ ਪੱਤਰ ਲਿਖ ਕੇ ਪੰਜਾਬ ਯੂਨੀਵਰਸਿਟੀ ਨੂੰ ਕੇਂਦਰੀ ਕਰ ਦੇਣ ਲਈ 'ਕੋਈ ਇਤਰਾਜ ਨਹੀਂ' ਸਰਟੀਫਿਕੇਟ ਦੇ ਦਿੱਤਾ ਸੀ। ਪੰਜਾਬੀ ਦੇ ਅਖ਼ਬਾਰ ਦਾ ਮੈਂ ਉਸ ਵੇਲੇ ਨਾਮਾ ਨਿਗਾਰ ਹੁੰਦਿਆਂ ਸ. ਬਾਦਲ ਦੇ ਉਸ ਪੱਤਰ ਦਾ ਹਵਾਲਾ ਦੇ ਖਬਰ ਪ੍ਰਕਾਸ਼ਿਤ ਕੀਤੀ ਸੀ। ਇਸ ਕਰਕੇ ਮੈਂ ਗਵਾਹ ਹਾਂ ਕਿ ਸ. ਬਾਦਲ ਨੇ ਉਸ ਪੱਤਰ ਵਿਚ ਪੰਜਾਬ ਦੀ ਧਰਤੀ ਦੇ ਮੌਜੂਦਾ ਸਟੇਟਸ ਨੂੰ ਬਦਲ ਕੇ ਸਿਰਫ ਵਿੱਤੀ ਸਹਾਇਤਾ ਲਈ ਕੇਂਦਰੀ ਦਰਜਾ ਦੇਣ ਲਈ ਹਾਮੀ ਭਰੀ ਸੀ। ਪੱਤਰ ਵਿੱਚ ਸਪਸ਼ਟ ਲਿਖਿਆ ਗਿਆ ਸੀ ਕਿ ਪੰਜਾਬ ਦੀ ਧਰਤੀ ਉੱਤੇ ਪੰਜਾਬ ਦੇ ਅਧਿਕਾਰ ਨੂੰ ਕਿਸੇ ਤਰ੍ਹਾਂ ਦੀ ਕੈਂਚੀ ਨਹੀਂ ਫੇਰੀ ਜਾਵੇਗੀ। ਅਜੀਤ ਅਖਬਾਰ ਨੇ ਉਸ ਵੇਲੇ ਪੰਜਾਬ ਦੀ ਇਸ ਯੂਨੀਵਰਸਿਟੀ ਨੂੰ ਕੇਂਦਰੀ ਦਰਜਾ ਦੇਣ ਦੇ ਇਸ ਪ੍ਰਸਤਾਵ ਖਿਲਾਫ਼ ਇਕ ਲਹਿਰ ਖੜ੍ਹੀ ਕਰ ਦਿੱਤੀ ਸੀ। ਜਿਸ ਦੇ ਮੂਹਰੇ ਸਰਕਾਰਾਂ ਨੂੰ ਝੁੱਕਣਾ ਪੈ ਗਿਆ ਸੀ। ਮੁੱਖ ਮੰਤਰੀ ਸ. ਮਾਨ ਨੇ ਸ. ਬਾਦਲ ਦੇ ਪੱਤਰ ਦੇ ਉਸ ਹਿੱਸੇ ਦਾ ਜ਼ਿਕਰ ਕੀਤਾ ਹੈ, ਜਿਹੜਾ ਸਿਆਸੀ ਤੌਰ 'ਤੇ ਉਨ੍ਹਾਂ ਨੂੰ ਵਾਰਾ ਖਾਂਦਾ ਹੈ, ਜਦਕਿ ਦਿਆਨਤਦਾਰੀ ਤਾਂ ਪੱਤਰ ਦੀਆਂ ਹੂਬਹੂ ਕਾਪੀਆਂ ਵੰਡਣ ਦੀ ਲੋੜ ਸੀ।

ਸਭ ਤੋਂ ਵੱਡੀ ਗੱਲ ਹੈ ਕਿ ਪੰਜਾਬ ਯੂਨੀਵਰਸਿਟੀ ਦਾ ਗਠਨ ਮੁਲਕ ਦੀ ਪਾਰਲੀਮੈਂਟ ਐਕਟ ਤਹਿਤ ਕੀਤਾ ਗਿਆ ਸੀ। ਸਰੂਪ ਬਦਲਣ ਲਈ ਵੀ ਪਾਰਲੀਮੈਂਟ ਦੀ ਮਨਜ਼ੂਰੀ ਦੀ ਮੋਹਰ ਲੱਗਣੀ ਲਾਜ਼ਮੀ ਹੁੰਦੀ ਹੈ। ਇਕ ਹੋਰ ਖ਼ਾਸ ਗੱਲ ਇਹ ਕਿ ਪੰਜਾਬ ਯੂਨੀਵਰਸਿਟੀ ਦੇ ਚਾਂਸਲਰ ਮੁਲਕ ਦੇ ਉਪ-ਰਾਸ਼ਟਰਪਤੀ ਹੁੰਦੇ ਹਨ, ਨਾ ਕਿ ਪੰਜਾਬ ਦਾ ਰਾਜਪਾਲ। ਪੰਜਾਬ ਦੇ ਰਾਜਪਾਲ ਬਨਵਾਰੀ ਲਾਲ ਪਰੋਹਿਤ ਨੇ ਦੋਹਾਂ ਸੂਬਿਆਂ ਦੇ ਮੁੱਖ ਮੰਤਰੀਆਂ ਦੀ ਮੀਟਿੰਗ ਬੁਲਾਈ ਹੈ, ਇਹ ਇੱਕ ਵੱਖਰੀ ਹੀ ਚਰਚਾ ਦਾ ਵਿਸ਼ਾ ਹੈ। ਮੁੱਖ ਮੰਤਰੀ ਸ. ਮਾਨ ਨੇ ਤਾਂ ਇਹ ਵੀ ਦਾਅਵਾ ਕੀਤਾ ਹੈ ਕਿ ਮੀਟਿੰਗ ਦੌਰਾਨ ਰਾਜਪਾਲ ਹਰਿਆਣਾ ਦਾ ਪੱਖ ਪੂਰ ਰਹੇ ਹਨ। ਹਰਿਆਣਾ ਦੇ ਸਾਬਕਾ ਮੁੱਖ ਮੰਤਰੀ ਮਰਹੂਮ ਬੰਸੀ ਲਾਲ ਨੇ ਸੂਬੇ ਦੇ ਕਾਲਜਾਂ ਨੂੰ ਪੰਜਾਬ ਦੀ ਧਰਤੀ ਨਾਲੋਂ ਹਟਾ ਲਿਆ ਸੀ, ਹਰਿਆਣਾ ਸਰਕਾਰ ਮੁੜ ਤੋਂ ਕਾਲਜਾਂ ਨੂੰ ਜੋੜਨ ਦੀ



ਮੰਗ ਕਰਨ ਲੱਗੀ ਹੈ।

ਪੰਜਾਬ ਨਾਲ ਜੁੜਿਆ ਇਕ ਹੋਰ ਸੁਆਲ ਪੰਜਾਬੀ ਜ਼ਰੂਰ ਜਾਨਣ ਦੀ ਇੱਛਾ ਰੱਖਦੇ ਹਨ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਦਾ ਪੰਜਾਬ ਦੀ ਮਿੱਟੀ ਨਾਲ ਹਾਲੇ ਤੱਕ ਮੋਹ ਕਿਉਂ ਨਹੀਂ ਜਾਗਿਆ ਹੈ? ਪੰਜਾਬ ਯੂਨੀਵਰਸਿਟੀ ਦੀ ਸੈਨੇਟ ਵਿੱਚ ਸੂਬੇ ਦਾ ਮੁੱਖ ਮੰਤਰੀ, ਉਚੇਰੀ ਸਿੱਖਿਆ ਮੰਤਰੀ ਅਤੇ ਡੀ.ਪੀ.ਆਈ. ਕਾਲਜਾਂ ਸਰਕਾਰੀ ਮੈਂਬਰ ਵਜੋਂ ਨਿਯੁਕਤ ਹੁੰਦੇ ਹਨ, ਪਰ ਇਨ੍ਹਾਂ ਤਿੰਨਾਂ ਵਿੱਚੋਂ ਕਦੇ ਵੀ ਕਿਸੇ ਨੇ ਮੀਟਿੰਗ ਵਿੱਚ ਜਾਣ ਦੀ ਲੋੜ ਨਹੀਂ ਸਮਝੀ। ਇਸ ਤੋਂ ਬਿਨਾ ਪੰਜਾਬ ਸਰਕਾਰ ਕੋਲ ਯੂਨੀਵਰਸਿਟੀ ਦੀ ਸੈਨੇਟ ਲਈ ਦੋ ਬਲਾਕ ਨਾਮਜ਼ਦ ਕਰਨ ਦਾ ਹੱਕ ਹੈ। ਪੰਜਾਬ ਸਰਕਾਰ ਇਸ ਪੱਖੋਂ ਵੀ ਅਵੇਸਲੀ ਰਹੀ ਹੈ। ਹੈਰਾਨੀ ਦੀ ਗੱਲ ਹੈ ਕਿ ਡੀ.ਪੀ.ਆਈ. ਕਾਲਜਾਂ ਵੀ ਸੈਨੇਟ ਦੀ ਕਿਸੇ ਮੀਟਿੰਗ ਵਿੱਚ ਸ਼ਾਮਲ ਨਹੀਂ ਹੋਏ ਹਨ। ਕਿਸੇ ਵੀ ਸਰਕਾਰ ਦੇ ਉਚੇਰੀ ਸਿੱਖਿਆ ਮੰਤਰੀ ਨੇ ਸੈਨੇਟ ਦੀ ਕਿਸੇ ਵੀ ਮੀਟਿੰਗ ਵਿੱਚ ਹਾਜ਼ਰੀ ਨਹੀਂ ਭਰੀ। ਪੰਜਾਬ ਦੇ ਸਾਬਕਾ ਮੁੱਖ ਮੰਤਰੀ ਮਰਹੂਮ ਬੇਅੰਤ ਸਿੰਘ ਨੇ ਇਕ ਵਾਰ ਸੈਨੇਟ ਦੀਆਂ ਚੋਣਾਂ ਵਿੱਚ ਵੋਟ ਪਾ ਕੇ ਰਿਕਾਰਡ ਕਾਇਮ ਕੀਤਾ ਸੀ। ਕਿਹਾ ਜਾ ਸਕਦਾ ਹੈ ਕਿ ਜੇ ਸਰਕਾਰ ਦੇ ਨੁਮਾਇੰਦੇ ਸੈਨੇਟ ਦੀ ਮੀਟਿੰਗ ਵਿੱਚ ਹਾਜ਼ਰੀ ਭਰਨ ਲੱਗਦੇ ਤਾਂ ਲੋਕਾਂ ਦੇ ਮਸਲੇ ਉੱਥੇ ਹੀ ਹੱਲ ਹੋ ਸਕਦੇ ਸਨ ਅਤੇ ਰਾਜਪਾਲ ਦੀ ਵਿਚੋਲੀ ਦੀ ਲੋੜ ਹੀ ਨਹੀਂ ਸੀ ਪੈਣੀ। ਹਰਿਆਣੇ ਨੂੰ ਅਸਲ ਦੁੱਖ ਇਹ ਹੈ ਕਿ ਹਰਿਆਣਾ ਦੇ ਕਾਲਜਾਂ ਦੇ ਲਾਂਭੇ ਹੋਣ ਨਾਲ ਪੰਜਾਬ ਯੂਨੀਵਰਸਿਟੀ ਵਿਚੋਂ ਨੁਮਾਇੰਦਗੀ ਖਤਮ ਹੋ ਗਈ ਹੈ। ਇਹ ਦਰਦ ਹਰਿਆਣਾ ਨੂੰ ਸਿਆਸੀ ਤੌਰ ਉੱਤੇ ਵੀ ਸਤਾਉਣ ਲੱਗਾ ਹੈ। ਅਗਲੇ ਸਾਲ ਹੋਣ ਵਾਲੀਆਂ ਚੋਣਾਂ ਤੋਂ ਪਹਿਲਾਂ ਸਿਆਸੀ ਪਾਰਟੀਆਂ ਨੂੰ ਕਿਸੇ ਅਜਿਹੇ ਮੁੱਦੇ ਨੂੰ ਤੂਲ ਦੀ ਦੇਣ ਦੀ ਲੋੜ ਹੁੰਦੀ ਹੈ।

ਪੰਜਾਬ ਯੂਨੀਵਰਸਿਟੀ ਇੱਕ ਖ਼ੁਦਮੁਖ਼ਤਿਆਰ ਸੰਸਥਾ ਹੈ। ਇਸ ਦੇ ਮੌਜੂਦਾ ਸਰੂਪ ਨਾਲ ਛੇੜ-ਛਾੜ ਕਰਨਾ ਸਰਾਸਰ ਧੱਕਾ ਹੋਵੇਗਾ। ਕੇਂਦਰ ਸਰਕਾਰ ਹੋਵੇ ਜਾਂ ਫਿਰ ਹਰਿਆਣਾ ਅਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਹੀ ਕਿਉਂ ਨਾ ਹੋਣ, ਪੰਜਾਬੀ ਹਿਤੈਸ਼ੀ ਕਿਸੇ ਤਰ੍ਹਾਂ ਦਾ ਧੱਕਾ ਬਰਦਾਸ਼ਤ ਨਹੀਂ ਕਰਨਗੇ, ਕਿਉਂਕਿ ਪੰਜਾਬੀ ਆਪਣੇ ਹੱਕਾਂ ਲਈ ਲੜਨਾ ਜਾਣਦੇ ਹਨ। ਹਰਿਆਣਾ ਨੂੰ ਆਪਣੀ ਮੰਗ ਤੋਂ ਪਿੱਛੇ ਹਟਣਾ ਪਵੇਗਾ।

# ਸਿੱਖਿਆ ਦੇ ਬੁਨਿਆਦੀ ਢਾਂਚੇ 'ਚ ਸੁਧਾਰਾਂ ਦੀ ਲੋੜ

**ਚੰਦਰਪਾਲ ਅੱਤਰੀ, ਲਾਲੜੂ**
**ਫੋਨ: +91-78891-11988**

ਕਿਸੇ ਵੀ ਸਮਾਜ ਦੇ ਵਿਕਾਸ ਅਤੇ ਉਭਰ ਕੇ ਅਗਾਂਹ ਆਉਣ ਵਿੱਚ ਸਿੱਖਿਆ ਦਾ ਸਭ ਤੋਂ ਅਹਿਮ ਯੋਗਦਾਨ ਹੁੰਦਾ ਹੈ। ਇਹ ਸਿੱਖਿਆ ਹੀ ਸੀ, ਜਿਸ ਨੇ ਜੰਗਲ ਵਿੱਚ ਘੁੰਮਦੇ ਆਦਿ ਮਾਨਵ ਨੂੰ ਬੇਹੱਦ ਸੱਭਿਅਕ ਮਨੁੱਖ ਬਣਾਇਆ ਹੈ। ਮਨੁੱਖ ਦੀ ਮੁੱਢਲੀ ਪੈਦਾਇਸ਼ ਭਾਵੇਂ ਅਫਰੀਕਾ ਵਿੱਚ ਮੰਨੀ ਜਾਂਦੀ ਹੈ, ਪਰ ਮਨੁੱਖ ਦੇ ਹਾਲਾਤ ਬਦਲਣ ਵਿੱਚ ਅਹਿਮ ਭੂਮਿਕਾ ਯੂਰਪ ਵੱਲੋਂ ਨਿਭਾਈ ਦੱਸੀ ਜਾਂਦੀ ਹੈ। ਇਹ ਹਾਲਾਤ ਬਦਲਣ ਵਿੱਚ ਤਕਨੀਕ ਦਾ ਵਿਕਾਸ ਸਭ ਤੋਂ ਅਹਿਮ ਹੈ ਤੇ ਤਕਨੀਕ ਦਾ ਮੂਲ ਸਿੱਖਿਆ ਵਿੱਚ ਹੈ। ਇਸ ਲਈ ਜੇ ਇਹ ਕਿਹਾ ਜਾਵੇ ਕਿ ਰੋਟੀ ਤੋਂ ਬਾਅਦ ਜ਼ਿੰਦਗੀ ਵਿੱਚ ਸਭ ਤੋਂ ਵੱਧ ਅਹਿਮੀਅਤ ਸਿੱਖਿਆ ਨੂੰ ਦਿੱਤੀ ਜਾਣੀ ਚਾਹੀਦੀ ਹੈ ਤਾਂ ਇਹ ਅਤਿਕਥਨੀ ਨਹੀਂ ਹੋਵੇਗੀ। ਉਂਝ ਵੀ ਆਪੋ-ਆਪਣੇ ਸਮਾਜ ਤੇ ਦੇਸ਼ ਦੀ ਤਰੱਕੀ ਲਈ ਚਿੰਤਤ ਚਿੰਤਕਾਂ ਨੇ ਤਾਂ ਇੱਥੋਂ ਤੱਕ ਵੀ ਆਖਿਆ ਹੈ ਕਿ ਤੁਸੀਂ ਇੱਕ ਰੋਟੀ ਘੱਟ ਖਾ ਲਵੋ, ਪਰ ਆਪਣੇ ਬੱਚਿਆਂ ਨੂੰ ਮਿਆਰੀ ਸਿੱਖਿਆ ਦਿਵਾਉਣ ਵਿੱਚ ਕੰਜੂਸੀ ਨਾ ਕਰੋ।

ਇਸ ਲੇਖ ਵਿੱਚ ਸਿੱਖਿਆ ਖੇਤਰ ਦੇ ਦੋ ਮੁੱਖ ਨੁਕਤਿਆਂ ਨੂੰ ਅਹਿਮੀਅਤ ਦੇਣ ਦਾ ਮੰਤਵ ਇਹ ਨਹੀਂ ਕਿ ਇਨ੍ਹਾਂ ਨੁਕਤਿਆਂ ਵੱਲ ਧਿਆਨ ਦੇਣ ਨਾਲ ਸਿੱਖਿਆ ਖੇਤਰ ਵਿੱਚ ਸੌ ਫੀਸਦੀ ਸੁਧਾਰ ਹੋ ਜਾਵੇਗਾ, ਪਰ ਐਨਾ ਜ਼ਰੂਰ ਹੈ ਕਿ ਇਹ ਨੁਕਤੇ ਸਿੱਖਿਆ ਦੇ ਸੁਧਾਰ ਦੀ ਬੁਨਿਆਦ ਸਨ, ਬੁਨਿਆਦ ਹਨ ਤੇ ਹਮੇਸ਼ਾ ਹੀ ਬੁਨਿਆਦ ਰਹਿਣਗੇ। ਸਿੱਖਿਆ ਦੇ ਦੋ ਖੇਤਰ ਹਨ- ਸਰਕਾਰੀ ਅਤੇ ਗੈਰ-ਸਰਕਾਰੀ (ਪ੍ਰਾਈਵੇਟ)। ਸਰਕਾਰੀ ਖੇਤਰ ਸਰਕਾਰ ਤੇ ਲੋਕਾਂ ਸਹਾਰੇ ਹੈ, ਜਦਕਿ ਪ੍ਰਾਈਵੇਟ ਖੇਤਰ ਵਿੱਚ ਨਿੱਜੀ ਲੋਕਾਂ ਦੀ ਅਜਾਰੇਦਾਰੀ ਹੈ। ਨਿੱਜੀ ਖੇਤਰ ਵਿੱਚ ਵੀ ਦੋ ਤਰ੍ਹਾਂ ਦੇ ਸਕੂਲ ਹਨ- ਇੱਕ ਲੱਖਾਂ ਰੁਪਏ ਦਾਖਲਾ ਤੇ ਫੀਸਾਂ ਲੈਣ ਵਾਲੇ ਅਤੇ ਦੂਜੇ ਪਾਸੇ ਪਿੰਡਾਂ ਵਿਚ ਬੇਹੱਦ ਮਾਮੂਲੀ ਫੀਸ ਨਾਲ ਵਿਦਿਆਰਥੀਆਂ ਨੂੰ ਪੜ੍ਹਾਉਣ ਵਾਲੇ ਨਿੱਜੀ ਸਕੂਲ। ਕਰੋਨਾ ਕਾਲ ਉਪਰੰਤ ਪਿੰਡਾਂ ਵਾਲੇ ਸਕੂਲ ਵੈਂਟੀਲੇਟਰ ਉਤੇ ਹਨ। ਲੱਖਾਂ ਰੁਪਏ ਦਾਖਲਾ ਤੇ ਫੀਸ ਲੈਣ ਵਾਲੇ ਸਕੂਲ ਵੀ ਮਾਪਿਆਂ ਦੀ ਸੰਤੁਸ਼ਟੀ ਨਹੀਂ ਕਰਵਾ ਪਾ ਰਹੇ। ਹੁਣ ਨਾ ਇਹ ਸਕੂਲ ਬੱਚਿਆਂ ਨੂੰ ਸਮੇਂ ਦੇ ਹਾਣ ਦਾ ਬਣਾ ਰਹੇ ਹਨ ਤੇ ਨਾ ਹੀ ਸਾਧਾਰਨ ਪਰਿਵਾਰਕ ਸੰਸਕਾਰ ਨਿਭਾਉਣ ਜੋਗੇ ਛੱਡ ਰਹੇ ਹਨ। ਫਿਰ ਵੀ ਮੁਕਾਬਲੇ 'ਚ ਬਣੇ ਰਹਿਣ ਲਈ ਇਹ ਸਕੂਲ ਕਾਇਮ ਰਹਿਣੇ ਜ਼ਰੂਰੀ ਹਨ, ਕਿਉਂਕਿ ਇਹ ਬੇਹੱਦ ਘੱਟ ਸਰੋਤਾਂ ਵਾਲੇ ਸਰਕਾਰੀ ਤੇ ਛੋਟੇ ਪ੍ਰਾਈਵੇਟ ਸਕੂਲਾਂ ਨੂੰ ਮੁਕਾਬਲੇ ਦੀ ਭਾਵਨਾ ਪ੍ਰਤੀ ਸਰਗਰਮ ਰੱਖਦੇ ਹਨ।

ਵਿਚਾਰੇ ਜਾਣ ਵਾਲੇ ਨੁਕਤਿਆਂ ਵਿੱਚ ਸਭ ਤੋਂ ਅਹਿਮ ਸਕੂਲਾਂ ਵਿੱਚ ਅਧਿਆਪਕਾਂ ਦੀ ਉਚਿਤ ਨਿਯੁਕਤੀ ਤੇ ਗਿਣਤੀ ਹੈ, ਜਿਸ ਨੂੰ ਮਹਿਜ ਅਧਿਆਪਕਾਂ ਦੀ ਭਰਤੀ ਤੱਕ ਸੀਮਤ ਨਾ ਸਮਝਿਆ ਜਾਵੇ। ਕਿਸੇ ਦੇਸ਼ ਲਈ ਕਾਬਲ ਅਧਿਆਪਕਾਂ ਤੇ ਡਾਕਟਰਾਂ ਦੀ ਗਿਣਤੀ ਵੱਧ ਹੋਣਾ ਵੱਡੀ ਉਪਲਬਧੀ ਜ਼ਰੂਰ ਹੈ, ਪਰ ਇਸ ਗਿਣਤੀ ਤੇ ਨਿਯੁਕਤੀ ਦੇ ਨਾਲ-ਨਾਲ ਉਕਤ ਦੋਵੇਂ ਧਿਰਾਂ ਦਾ ਭਾਵਨਾਤਮਕ ਹੋਣਾ ਜ਼ਰੂਰੀ ਹੈ। ਅਧਿਆਪਕ ਦਾ ਵਿਦਿਆਰਥੀ ਨਾਲ ਤੇ ਡਾਕਟਰ ਦਾ ਮਰੀਜ਼ ਨਾਲ ਅਜਿਹਾ ਲਗਾਓ ਹੋਵੇ, ਜੋ ਉਸ ਨੂੰ ਬੇਗਾਨੇਪਣ ਦਾ ਅਹਿਸਾਸ ਨਾ ਹੋਣ ਦੇਵੇ। ਮੀਡੀਆ ਤੇ ਚਿੰਤਕ ਧਿਰਾਂ ਸਕੂਲਾਂ ਵਿੱਚ ਅਧਿਆਪਕਾਂ ਦੀ ਗਿਣਤੀ ਦਾ ਮਸਲਾ ਹੀ ਉਠਾਉਂਦੇ ਹਨ, ਪਰ ਸਾਡੇ ਕੋਲ ਬਹੁਤ ਸਕੂਲ ਅਜਿਹੇ ਹਨ, ਜਿੱਥੇ ਅਧਿਆਪਕਾਂ ਦੀ ਗਿਣਤੀ ਪੂਰੀ ਹੋਣ ਦੇ ਬਾਵਜੂਦ ਨਤੀਜੇ ਤਸੱਲੀਬਖਸ਼ ਨਹੀਂ ਆਉਂਦੇ। ਪੰਜਾਬ ਦੇ ਵੱਡੇ ਸ਼ਹਿਰਾਂ ਖਾਸ ਕਰ ਐਸ.ਏ.ਐਸ. ਨਗਰ (ਮੋਹਾਲੀ) ਵਰਗੇ ਜ਼ਿਲ੍ਹੇ ਇਸ ਦੀ ਜਿਊਂਦੀ-ਜਾਗਦੀ ਮਿਸਾਲ ਹਨ। ਬਹੁਤ ਅਧਿਆਪਕ ਇਸ ਜ਼ਿਲ੍ਹੇ ਤੇ ਇਸ ਜ਼ਿਲ੍ਹੇ ਵਰਗੇ ਹੋਰਨਾਂ ਜ਼ਿਲ੍ਹਿਆਂ ਦੇ ਸਕੂਲਾਂ ਵਿੱਚ ਤਾਇਨਾਤ ਹਨ, ਪਰ ਹੈਰਾਨੀ ਦੀ ਗੱਲ ਹੈ ਕਿ ਸਭ ਤੋਂ ਵੱਧ ਮਾੜੀ ਹਾਲਤ ਇਨ੍ਹਾਂ ਜ਼ਿਲ੍ਹਿਆਂ ਦੇ ਸਕੂਲਾਂ ਦੀ ਹੈ। ਇਸ ਮਾੜੀ ਕਾਰਗੁਜ਼ਾਰੀ ਦਾ ਇੱਕ ਅਹਿਮ ਕਾਰਨ ਅਧਿਆਪਕਾਂ-ਵਿਦਿਆਰਥੀਆਂ ਦਾ ਭਾਵਨਾਤਮਕ ਜੁੜਾਅ ਨਾ ਹੋਣਾ ਵੀ ਹੈ। ਇਸ ਸਮੱਸਿਆ ਲਈ ਨਿਰੋਲ ਅਧਿਆਪਕਾਂ ਨੂੰ ਜ਼ਿੰਮੇਵਾਰ ਨਹੀਂ ਮੰਨਿਆ ਜਾ ਸਕਦਾ, ਸਗੋਂ ਇਸ ਪਿੱਛੇ ਬਾਕਾਇਦਾ ਇੱਕ ਪੂਰਾ ਗਠਜੋੜ ਹੈ, ਜਿਸ ਵਿੱਚ ਅਫਸਰਸ਼ਾਹੀ ਤੇ ਸਿਆਸਤਦਾਨਾਂ ਦੀ ਭੂਮਿਕਾ ਬੇਹੱਦ ਸ਼ੱਕੀ ਹੈ।

ਇਸ ਮਾਮਲੇ ਵਿੱਚ ਇੱਕ ਤੱਥ ਇਹ ਵੀ ਹੈ ਕਿ ਪੰਜਾਬ ਦੇ ਸਕੂਲਾਂ ਦੇ ਅਧਿਆਪਕਾਂ ਤੇ ਵਿਦਿਆਰਥੀਆਂ ਦੇ ਜੀਵਨ ਪੱਧਰ ਵਿੱਚ ਵੱਡਾ ਫਰਕ ਪੈ ਚੁੱਕਾ ਹੈ। ਸਰਕਾਰੀ ਸਕੂਲਾਂ ਵਿੱਚ ਵਧੇਰੇ ਬੱਚੇ ਨਿਰੋਲ ਦਿਹਾਤ ਦੇ ਛੋਟੇ ਤਬਕਿਆਂ ਨਾਲ ਸਬੰਧਤ ਹਨ। ਇਸ ਵਿਚੋਂ ਵੀ ਵਧੇਰੇ ਵਿਦਿਆਰਥੀ ਪਰਵਾਸੀ ਭਾਈਚਾਰੇ ਨਾਲ ਸਬੰਧਤ ਹਨ। ਇਨ੍ਹਾਂ ਵਿਦਿਆਰਥੀਆਂ ਨੂੰ ਆਪਣੇ ਘਰ ਵਿੱਚੋਂ ਪੜ੍ਹਾਈ ਵਿੱਚ ਕੋਈ ਅਕਾਦਮਿਕ ਮਦਦ ਨਹੀਂ ਮਿਲਦੀ, ਜਿਸ ਦੇ ਚੱਲਦਿਆਂ ਉਹ ਪੜ੍ਹਾਈ ਵਿੱਚ ਪੱਛੜ ਰਹੇ ਹਨ। ਇਹ ਨਿਯਮ ਸਭ ਵਿਦਿਆਰਥੀਆਂ ਤੇ ਅਧਿਆਪਕਾਂ ਉਤੇ ਲਾਗੂ ਨਹੀਂ ਹੁੰਦੇ। ਅਜੇ ਵੀ ਵੱਡੀ ਗਿਣਤੀ ਸਰਕਾਰੀ ਅਧਿਆਪਕ ਤੇ ਵਿਦਿਆਰਥੀ ਬਹੁਤ ਹੀ ਪ੍ਰਤਿਭਾਸ਼ਾਲੀ ਨਤੀਜੇ ਦੇ ਰਹੇ ਹਨ। ਇਸ ਦੇ ਨਾਲ ਹੀ ਵਧੇਰੇ ਸਰਕਾਰੀ ਸਕੂਲਾਂ ਵੱਲੋਂ ਬੱਚਿਆਂ ਨੂੰ ਲਿਖਤੀ ਕੰਮ ਹੀ ਦਿੱਤਾ ਜਾਂਦਾ ਹੈ ਅਤੇ ਯਾਦ ਕਰਨ ਜਾਂ ਦੁਹਰਾਈ ਵੱਲ ਘੱਟ ਹੀ ਧਿਆਨ ਦਿੱਤਾ ਜਾਂਦਾ ਹੈ। ਪਹਿਲੇ ਅੱਠ-ਦੱਸ ਮਹੀਨੇ ਸਿਰਫ ਲਿਖਤੀ ਕੰਮ ਦੇਣ ਵਿੱਚ ਹੀ ਲੰਘ ਜਾਂਦੇ ਹਨ, ਜਦਕਿ ਬਾਅਦ ਦੇ ਦੋ-ਤਿੰਨ ਮਹੀਨਿਆਂ ਵਿੱਚ ਬੱਚਾ ਕਿੰਨਾ ਕੁ ਯਾਦ ਕਰ ਸਕਦਾ ਹੈ? ਇਸ ਲਈ ਅਧਿਆਪਕਾਂ ਦਾ ਇਸ ਦਿਸ਼ਾ ਵੱਲ ਸੋਚਣਾ ਜ਼ਰੂਰੀ ਹੈ, ਕਿਉਂਕਿ ਦੁਹਰਾਈ ਤੇ ਪੜ੍ਹਨ ਦੀ ਰਫਤਾਰ ਬੱਚੇ ਦੀ ਬੁੱਧੀ ਨੂੰ ਵਿਕਸਤ ਕਰਦੀ ਹੈ।

ਦੂਜਾ ਅਹਿਮ ਨੁਕਤਾ ਸਰਕਾਰੀ ਸਕੂਲਾਂ ਦੀਆਂ ਇਮਾਰਤਾਂ ਹਨ। ਬਹੁਤ ਥਾਂਈਂ ਇਹ ਸਕੂਲੀ ਇਮਾਰਤਾਂ ਖੰਡਰ ਬਣ ਚੁੱਕੀਆਂ ਹਨ। ਕਈ ਥਾਂਈਂ ਤਾਂ ਇਹ ਇਮਾਰਤਾਂ ਆਪਣੇ ਅੰਤ ਨੂੰ ਉਡੀਕ ਰਹੀਆਂ ਹਨ। ਕੁਝ ਥਾਂਈਂ ਭਾਵੇਂ ਵਿਦਿਆਰਥੀ ਘੱਟ ਹਨ ਤੇ ਸਕੂਲ ਵਿੱਚ ਕਮਰੇ ਵੱਧ ਹਨ, ਜਦਕਿ ਵਧੇਰੇ ਸਕੂਲਾਂ 'ਚ ਕਮਰਿਆਂ ਦੀ ਘਾਟ ਹੈ। ਪੰਜਾਬ ਵਿੱਚ ਕਈ ਸਕੂਲ ਅਜਿਹੇ ਹਨ, ਜਿੱਥੇ ਵਿਦਿਆਰਥੀਆਂ ਦੀ ਗਿਣਤੀ ਬੇਹਿਸਾਬ ਹੈ ਤੇ ਸਕੂਲਾਂ ਨੂੰ ਦੋ ਸਿਫਟਾਂ ਵਿੱਚ ਚਲਾਉਣਾ ਪੈ ਰਿਹਾ ਹੈ। ਛੋਟੇ ਬੱਚੇ ਬੇਹੱਦ ਮਲੂਕ ਹੁੰਦੇ ਹਨ ਤੇ ਉਹ ਰੰਗਾਂ ਨੂੰ ਬੇਹਿਸਾਬ ਪਿਆਰ ਕਰਦੇ ਹਨ, ਜਦਕਿ ਇਹ ਬਦਸੂਰਤ ਸਕੂਲ ਉਨ੍ਹਾਂ ਦੇ ਜ਼ਿਹਨ ਵਿੱਚ ਬੁਰਾ ਪ੍ਰਭਾਵ ਪਾਉਂਦੇ ਹਨ। ਨਵੀਆਂ ਇਮਾਰਤਾਂ ਦੀ ਉਸਾਰੀ ਤਾਂ ਛੱਡੋ, ਪਹਿਲੀਆਂ ਇਮਾਰਤਾਂ ਨੂੰ ਰੰਗ-ਰੋਗਨ ਵੀ ਨਾ ਕਰਾ ਸਕਣਾ ਅਤੇ ਸਕੂਲਾਂ ਦਾ ਵਿਦਿਅਕ ਪੱਧਰ ਉੱਚਾ ਚੁੱਕਣ ਪ੍ਰਤੀ ਸਰਕਾਰ ਦੀ ਅਣਦੇਖੀ ਵੱਡੀ ਚਿੰਤਾ ਦਾ ਵਿਸ਼ਾ ਹੈ। ਜੇ ਕੋਈ ਪ੍ਰਿੰਸੀਪਲ, ਹੈੱਡਮਾਸਟਰ ਜਾਂ ਅਧਿਆਪਕ ਖੁਦ ਹੀ ਸਰਗਰਮ ਹੋਵੇ ਤਾਂ ਉਹ ਪਿੰਡ ਦੇ ਮੋਹਤਬਰਾਂ ਤੇ ਸਿਆਸੀ ਆਗੂਆਂ ਤੋਂ ਸਕੂਲ ਬਾਰੇ ਕੁਝ ਨਾ ਕੁਝ ਜ਼ਰੂਰ ਕਰਵਾ ਲੈਂਦਾ ਹੈ।

ਸਿੱਖਿਆ ਦੇ ਬੁਨਿਆਦੀ ਢਾਂਚੇ ਨਾਲ ਜੁੜੇ ਨੁਕਤਿਆਂ ਬਾਰੇ ਵਿਚਾਰ ਕਰੀਏ ਤਾਂ ਇਸ ਮਾਮਲੇ ਵਿੱਚ ਪਹਿਲੀ ਜ਼ਿੰਮੇਵਾਰੀ ਸਰਕਾਰ ਦੀ ਬਣਦੀ ਹੈ। ਸਰਕਾਰ ਹਰ ਸਕੂਲ ਵਿੱਚ ਅਧਿਆਪਕ ਪੂਰੇ ਕਰੇ ਤੇ ਫਿਰ ਉਸ ਸਕੂਲ ਵਿੱਚ ਅਜਿਹਾ ਮੁਖੀ ਲਾਵੇ, ਜੋ ਨਾ ਸਿਰਫ ਕਾਬਲ ਹੋਵੇ, ਸਗੋਂ ਸਿੱਖਿਆ ਪ੍ਰੇਮੀ ਵੀ ਹੋਵੇ। ਉਹ ਨਿਰੰਤਰ ਜਮਾਤਾਂ ਦੀ ਇਸ ਤਰ੍ਹਾਂ ਨਿਗਰਾਨੀ ਕਰੇ ਕਿ ਨਾ ਅਧਿਆਪਕ ਬੁਰਾ ਮਨਾਉਣ ਤੇ ਨਾ ਉਨ੍ਹਾਂ ਦੇ ਮਨ ਵਿੱਚ ਵੱਡੇ-ਛੋਟੇ ਦੀ ਭਾਵਨਾ ਆਵੇ। ਜੇ ਅਧਿਆਪਕ ਵਿਦਿਆਰਥੀਆਂ ਦੀ ਪੜ੍ਹਾਈ ਨੂੰ ਗੰਭੀਰਤਾ ਨਾਲ ਲੈ ਲੈਣ ਤਾਂ ਨਾ ਸਿਰਫ ਵਿਦਿਆਰਥੀ ਤਰੱਕੀ ਕਰਨਗੇ, ਸਗੋਂ ਅਧਿਆਪਕ ਵੀ ਭਵਿੱਖੀ ਅਧਿਆਪਕਾਂ ਦੀਆਂ ਰੁਜ਼ਗਾਰ ਪੱਖੋਂ ਜੜ੍ਹਾਂ ਬੰਨ ਜਾਣਗੇ।

ਦੂਜਾ ਨੁਕਤਾ ਜੋ ਇਮਾਰਤਾਂ ਦੀ ਉਸਾਰੀ ਅਤੇ ਸਾਂਭ-ਸੰਭਾਲ ਤੇ ਰੰਗ-ਰੰਗਾਈ ਬਾਰੇ ਹੈ, ਉਸ ਵਿੱਚ ਨਿਰੋਲ ਸਰਕਾਰ ਨੂੰ ਸਰਗਰਮ ਹੋਣਾ ਪਵੇਗਾ। ਜੇ ਅਸੀਂ ਆਪਣੇ ਪੰਜਾਬ ਨੂੰ ਰੰਗਲਾ ਅਤੇ ਵਿਦਿਆਰਥੀਆਂ ਦੇ ਜੀਵਨ ਨੂੰ ਰੰਗ-ਬਰੰਗਾ ਬਣਾਉਣਾ ਹੈ ਤਾਂ ਸਾਨੂੰ ਇਸ ਦਿਸ਼ਾ ਵਿੱਚ ਪੂਰੀ ਗੰਭੀਰਤਾ ਨਾਲ ਕੰਮ ਕਰਨਾ ਪਵੇਗਾ। ਸਿੱਖਿਆ ਸਿਸਟਮ ਵਿਚਲੀਆਂ ਖਾਮੀਆਂ ਨੂੰ ਦੂਰ ਕਰ ਕੇ ਹੀ ਬੱਚਿਆਂ ਦਾ ਅਕਾਦਮਿਕ ਵਿਕਾਸ ਕੀਤਾ ਜਾ ਸਕਦਾ ਹੈ। ਉਮੀਦ ਹੈ ਕਿ ਅਧਿਆਪਕ, ਸਰਕਾਰਾਂ ਤੇ ਸਿਸਟਮ ਇਨ੍ਹਾਂ ਨੁਕਤਿਆਂ ਪ੍ਰਤੀ ਹਾਂ-ਪੱਖੀ ਹੁੰਗਾਰਾ ਦੇਣਗੇ।

# ਇਸ ਦਰਦ ਦੀ ਕੀ ਦਵਾ ਹੋਵੇ !

**ਹੱਡੀਂ ਹੰਢਾਏ ਦਰਦ ਦੀ ਚੀਸ ਸਮੁੱਚੇ ਤੌਰ 'ਤੇ ਕਦੇ ਵੀ ਨਹੀਂ ਜਾਂਦੀ। ਜਦੋਂ ਉਸ ਦਾ ਜ਼ਿਕਰ ਛਿੜਦਾ ਹੈ ਜਾਂ ਜਦੋਂ ਆਲੇ-ਦੁਆਲੇ ਓਹੋ ਜਿਹਾ ਕੁਝ ਵਾਪਰਦਾ ਹੈ ਤਾਂ ਪੀੜ ਮਹਿਸੂਸਦੇ ਲੋਕ ਉਸ ਦਰਦ ਲਈ ਦਵਾ ਦਾ ਆਹਰ-ਪਾਹਰ ਕਰਨ ਦੀ ਸੋਚਦੇ ਹਨ। ਇਹ ਵੱਡੀ ਤ੍ਰਾਸਦੀ ਹੈ ਕਿ ਧਰਮ, ਜਾਤ, ਰੰਗ, ਨਸਲ ਦੇ ਆਧਾਰ 'ਤੇ ਸਮਾਜ 'ਚ ਵੰਡੀਆਂ ਪਈਆਂ ਹੋਣ ਕਰ ਕੇ ਸਮਾਜ ਵਿੱਚ ਵਾਪਰਦੀਆਂ ਵੱਖ ਵੱਖ ਕਿਸਮ ਦੀਆਂ ਉਲਟ ਪ੍ਰਵਿਰਤੀਆਂ ਬਾਬਤ ਅਸੀਂ ਖੁਦ ਨੂੰ ਬੋਲਣ ਦੀ ਇਜਾਜ਼ਤ ਨਹੀਂ ਦਿੰਦੇ; ਬਸ ਗਿਣਤੀ ਦੇ ਕੁਝ ਲੋਕਾਂ ਨੂੰ ਛੱਡ ਕੇ। ਇਹ ਸਮਾਜ ਦਾ ਅਸਮਾਜ ਬਣਨ ਵੱਲ ਖਤਰਨਾਕ ਰੁਝਾਨ ਹੈ। ਇਹ ਲੇਖ ਇੰਦਰਜੀਤ ਚੁਗਾਵਾਂ ਦੀ ਪੁਸਤਕ 'ਕਿਵ ਕੂੜੈ ਤੁਟੈ ਪਾਲ' ਵਿੱਚੋਂ ਹੈ, ਪਰ ਇਸ ਵਿੱਚ ਉਨ੍ਹਾਂ ਨੇ ਸੰਤਾਲੀ ਦੀ ਵੰਡ ਦਾ ਜ਼ਿਕਰ ਛੋਹਣ ਦੇ ਨਾਲ ਨਾਲ '84 ਦੇ ਕਤਲੇਆਮ, ਬੇਇਨਸਾਫੀਆਂ ਤੇ ਮਨੁੱਖੀ ਹੱਕ-ਹਕੂਕਾਂ ਦੀ ਹੋ ਰਹੀ ਲੁੱਟ ਲਈ ਜ਼ਿੰਮੇਵਾਰ ਧਿਰਾਂ ਸਮੇਤ ਭਾਈਚਾਰਿਆਂ ਵਿੱਚ ਫਿਰਕੂ ਜ਼ਹਿਰ ਘੋਲਣ ਵਾਲਿਆਂ ਵਿਰੁੱਧ ਮੌਨ ਤੋੜਨ ਦੀ ਆਰ ਲਾਈ ਹੈ।**



ਇੰਦਰਜੀਤ ਚੁਗਾਵਾਂ

ਕਿਸੇ ਵੀ ਪਰਿਵਾਰ ਵਲੋਂ ਹੱਡੀਂ ਹੰਢਾਇਆ ਦਰਦ ਪੀੜ੍ਹੀ ਦਰ ਪੀੜ੍ਹੀ ਸਫਰ ਕਰਦਾ ਹੈ। ਇਸ ਦੀ ਚੀਸ ਕਦੋਂ, ਕਿੱਥੇ ਤੇ ਕਿਸ ਰੂਪ 'ਚ ਸਿਰ ਚੁੱਕ ਲਵੇ, ਕੁੱਝ ਵੀ ਕਿਹਾ ਨਹੀਂ ਜਾ ਸਕਦਾ। ਜਦ ਇਹ ਦਰਦ ਸਮੁੱਚੇ ਭਾਈਚਾਰੇ, ਸਮੁੱਚੀ ਮਾਨਵਤਾ ਦਾ ਹੋਵੇ ਤਾਂ ਇਹ ਕਿਤੇ ਵਧੇਰੇ ਕਸ਼ਟਦਾਈ ਤੇ ਪ੍ਰੇਸ਼ਾਨੀ ਭਰਿਆ ਹੁੰਦਾ ਹੈ ਅਤੇ ਇਹ ਦਰਦ ਕਈ ਸੁਆਲ ਵੀ ਨਾਲ ਲੈ ਕੇ ਤੁਰਦਾ ਹੈ।

ਮੈਂ ਬਚਪਨ 'ਚ ਆਪਣੇ ਭਾਪਾ ਜੀ ਦੇ ਜ਼ਿਆਦਾ ਨੇੜੇ ਸੀ ਤੇ ਉਨ੍ਹਾਂ ਨਾਲ ਈ ਸੌਂਦਾ ਹੁੰਦਾ ਸੀ। ਨਹਿਰੋਂ ਪਾਰ ਆਪਣੇ ਖੇਤਾਂ ਵਿਚਲੇ ਡੇਰੇ 'ਤੇ, ਜਿਸ ਨੂੰ ਸਾਡੀ ਸਥਾਨਕ ਬੋਲਚਾਲ 'ਚ ਆਮ ਕਰਕੇ ਖੂਹ ਕਿਹਾ ਜਾਂਦਾ ਹੈ, ਰਾਤ ਨੂੰ ਮੈਂ ਭਾਪਾ ਜੀ ਦੇ ਨਾਲ ਹੀ ਸੌਂਦਾ ਹੁੰਦਾ ਸੀ ਤੇ ਸਕੂਲ ਦਾ ਕੰਮ ਵੀ ਉਥੇ ਈ ਰਾਤ ਨੂੰ ਕਰਦਾ ਸੀ। ਸਾਡੀ ਦੋਹਾਂ ਪਿਓ-ਪੁੱਤ ਦੀ ਪੱਕੀ ਯਾਰੀ ਸੀ। ਭਾਪਾ ਜੀ ਦੇ ਨਾਲ ਬਿਤਾਏ ਇਨ੍ਹਾਂ ਵਰ੍ਹਿਆਂ 'ਚੋਂ ਇੱਕ ਖਾਸ ਪਹਿਲੂ ਪਿੱਛੇ ਜਿਹੇ ਵਾਪਰੀਆਂ ਘਟਨਾਵਾਂ ਦੇ ਸੰਦਰਭ 'ਚ ਮੈਨੂੰ ਅੱਜ ਯਾਦ ਆ ਰਿਹਾ ਹੈ। ਇਨ੍ਹਾਂ 'ਚੋਂ ਇੱਕ ਹੈ, ਦਿੱਲੀ ਦੇ ਸਿੱਖ ਕਤਲੇਆਮ ਦੇ ਇੱਕ ਮਾਮਲੇ ਦੇ ਸਬੰਧ 'ਚ ਕਾਂਗਰਸੀ ਆਗੂ ਸੱਜਣ ਕੁਮਾਰ ਨੂੰ ਮਿਲੀ ਸਜ਼ਾ ਅਤੇ ਦੂਸਰੀ ਯੂ. ਪੀ. ਦੇ ਬੁਲੰਦ ਸ਼ਹਿਰ 'ਚ ਫਿਰਕੂ ਹਜੂਮੀਆਂ ਵੱਲੋਂ ਇੱਕ ਪੁਲਿਸ ਇੰਸਪੈਕਟਰ ਦੇ ਕੀਤੇ ਗਏ ਕਤਲ ਦੇ ਸਬੰਧ ਵਿੱਚ ਅਦਾਕਾਰ ਨਸੀਰੁੱਦੀਨ ਸ਼ਾਹ ਵੱਲੋਂ ਇੱਕ ਇੰਟਰਵਿਊ ਦੌਰਾਨ ਕੀਤੀ ਗਈ ਟਿੱਪਣੀ।

ਮੈਨੂੰ ਨਹੀਂ ਯਾਦ ਕਿ ਕੋਈ ਰਾਤ ਅਜਿਹੀ ਹੋਵੇ, ਜਿਸ ਦਿਨ ਅਸੀਂ ਪਿਓ-ਪੁੱਤ ਨੇ ਪਾਕਿਸਤਾਨ ਬਾਰੇ ਕੋਈ ਗੱਲ ਨਾ ਕੀਤੀ ਹੋਵੇ।

ਭਾਪਾ ਜੀ ਦਾ ਜਨਮ ਲਾਇਲਪੁਰ ਜ਼ਿਲ੍ਹੇ ਦੀ ਜੜ੍ਹਾਂਵਾਲਾ ਤਹਿਸੀਲ ਦੇ ਪਿੰਡ ਪਾਓਲਾਣੀ ਜੰਡਿਆਲਾ, ਚੱਕ ਨੰਬਰ 101 'ਚ ਹੋਇਆ ਸੀ। ਉਨ੍ਹਾਂ ਦੀਆਂ ਗੱਲਾਂ 'ਚ ਪਾਓਲਾਣੀ ਜੰਡਿਆਲਾ ਪੂਰੀ ਤਰ੍ਹਾਂ ਛਾਇਆ ਰਹਿੰਦਾ ਸੀ। ਉਹ ਵਾਰ ਵਾਰ ਆਪਣੇ ਮੁਸਲਿਮ ਦੋਸਤਾਂ ਦੀਆਂ ਗੱਲਾਂ ਕਰਦੇ ਤੇ ਵਾਰ ਵਾਰ ਉਨ੍ਹਾਂ ਦੀਆਂ ਅੱਖਾਂ ਸਿਲ੍ਹੀਆਂ ਹੁੰਦੀਆਂ ਰਹਿੰਦੀਆਂ। ਮੈਂ, ਇੱਕ ਬਾਲ ਉਸ ਸਿਲ੍ਹ ਨੂੰ ਤਾਂ ਨਾ ਸਮਝ ਪਾਉਂਦਾ, ਪਰ ਉਹ ਸਿਲ੍ਹ ਮੇਰੇ ਅੰਦਰ ਜਰੂਰ ਧਸ ਜਾਂਦੀ ਸੀ।

ਕੋਈ ਵੀ ਪੁੱਤ ਜਾਂ ਧੀ ਆਪਣੇ ਮਾਂ-ਬਾਪ ਦੀਆਂ ਅੱਖਾਂ ਵਿੱਚ ਅੱਥਰੂ ਬਰਦਾਸ਼ਤ ਨਹੀਂ ਕਰ ਸਕਦਾ। ਮੈਨੂੰ ਇਹ ਅੱਥਰੂ ਬਹੁਤ ਤੰਗ ਕਰਦੇ। ਭਾਪਾ ਜੀ ਨੂੰ ਚੁੱਪ ਤਾਂ ਨਾ ਕਰਵਾ ਸਕਣਾ, ਪਰ ਇਹ ਅਕਸਰ ਪੁੱਛ ਲੈਣਾ ਕਿ ਭਾਪਾ ਜੀ ਤੁਸੀਂ ਰੋ ਕਿਓਂ ਰਹੇ ਓ?

ਉਨ੍ਹਾਂ ਦਾ ਜੁਆਬ ਹੁੰਦਾ ਸੀ, "ਪੁੱਤਰਾ ਤੂੰ ਅਜੇ ਛੋਟੈਂ!"

ਮੈਨੂੰ ਸਮਝ ਨਾ ਆਉਂਦੀ ਕਿ ਛੋਟੇ ਹੋਣ ਦਾ ਕੀ ਮਤਲਬ ਹੋਇਆ!

ਵੰਡ ਵੇਲੇ ਦੇ ਦਿਨਾਂ ਦੀਆਂ ਗੱਲਾਂ ਸੁਣਾਉਣ ਤੋਂ ਉਹ ਅਕਸਰ ਕੰਨੀ ਕਤਰਾਉਂਦੇ, ਪਰ ਨਾ ਚਾਹੁੰਦਿਆਂ ਵੀ ਪਾਕਿਸਤਾਨ-ਹਿੰਦੁਸਤਾਨ ਉਨ੍ਹਾਂ ਦੀਆਂ ਗੱਲਾਂ 'ਚ ਆਣ ਵੜਦੇ।

ਮੈਂ ਇਹ ਸੁਆਲ ਪੁੱਛੇ ਬਿਨਾ ਨਾ ਰਹਿ ਸਕਦਾ ਕਿ ਵੰਡ ਦਾ ਮਤਲਬ ਕੀ ਹੁੰਦੈ?

ਹਰ ਵੰਡ ਵੇਲੇ ਘਰ ਛੱਡਣਾ ਈ ਪੈਂਦੈ ਭਲਾ?

ਤੁਹਾਨੂੰ ਘਰ ਕਿਓਂ ਛੱਡਣਾ ਪਿਆ? ਵੰਡ ਕਿਓਂ ਹੋਈ?

ਪਾਕਿਸਤਾਨ ਤੇ ਹਿੰਦੁਸਤਾਨ ਦਾ ਮਤਲਬ ਭਲਾ ਬੰਬ ਸੁੱਟਣੇ ਹੁੰਦੈ? ਭਾਪਾ ਜੀ ਸਿਰਫ ਏਨਾ ਕੁ ਆਖ ਛੱਡਦੇ ਕਿ ਮੁਸਲਮਾਨਾਂ ਦੇ ਹਿੱਸੇ ਪਾਕਿਸਤਾਨ ਆਇਆ ਸੀ ਤੇ ਹਿੰਦੂ-ਸਿੱਖਾਂ ਦੇ ਹਿੱਸੇ ਹਿੰਦੁਸਤਾਨ। ਮੈਂ ਸੁਆਲ ਕਰਨਾ ਕਿ ਫੇਰ ਪਾਕਿਸਤਾਨ ਵਾਲੇ ਆਪਣੇ ਦੁਸ਼ਮਣ ਹੋਏ? ਉਨ੍ਹਾਂ ਦਾ ਜੁਆਬ ਹੁੰਦਾ ਸੀ, "ਨਹੀਂ, ਦੁਸ਼ਮਣ ਕਿਵੇਂ ਹੋਏ? ਓਥੇ ਆਪਣਾ ਘਰ ਐ, ਨਨਕਾਣਾ ਸਾਹਿਬ ਓਥੇ ਐ ਤੇ ਮੇਰਾ ਸਕੂਲ ਵੀ।"

ਮੈਂ ਆਖਣਾ ਕਿ ਜੇ ਤੁਸੀਂ ਇੱਧਰ ਆ ਈ ਗਏ ਤਾਂ ਓਧਰਲੇ ਪਾਕਿਸਤਾਨ ਵਿਚਲੇ ਘਰ ਨੂੰ ਆਪਣਾ ਘਰ ਕਿਓਂ ਕਹਿੰਦੇ ਓ? ਆਪਣਾ ਘਰ ਤਾਂ ਇਹ ਆ ਚੁਗਾਵਾਂ ਵਾਲਾ? ਇਹ ਗੱਲ ਉਨ੍ਹਾਂ ਨੂੰ ਚੰਗੀ ਨਾ ਲੱਗਣੀ ਤੇ ਚੁੱਪ ਕਰ ਜਾਣਾ ਤੇ ਮੈਨੂੰ ਸੌਣ ਲਈ ਆਖ ਦੇਣਾ।

ਇਹ ਸੁਆਲ ਉਨ੍ਹਾਂ ਨੂੰ ਜਰੂਰ ਪ੍ਰੇਸ਼ਾਨ ਕਰਦੇ ਹੋਣਗੇ, ਇਹ ਗੱਲ ਮੈਂ ਬਾਅਦ 'ਚ ਮਹਿਸੂਸ ਕੀਤੀ। ਇਹੀ ਕਾਰਨ ਸੀ ਕਿ ਉਹ ਆਖ ਛੱਡਦੇ ਕਿ ਵੱਡਾ ਹੋਏਂਗਾ ਤਾਂ ਆਪਣੇ ਆਪ ਸਮਝ ਜਾਏਂਗਾ। ਇਹ ਸਭ ਮੇਰੇ ਲਈ ਪ੍ਰੇਸ਼ਾਨੀ ਤੇ ਉਤਸੁਕਤਾ ਪੈਦਾ ਕਰਨ ਵਾਲਾ ਹੁੰਦਾ ਸੀ ਕਿ ਮੈਂ ਹੁਣੇ ਕਿਓਂ ਨਹੀਂ ਸਮਝ ਸਕਦਾ, ਉਹ ਕਿਹੜਾ ਭੇਤ ਹੈ ਜੋ ਮੈਥੋਂ ਲੁਕਾਇਆ ਜਾ ਰਿਹਾ ਹੈ? ਤੇ ਮੇਰਾ ਜੀਅ ਕਰਨਾ ਕਿ ਮੈਂ ਰਾਤੋ ਰਾਤ ਵੱਡਾ ਹੋ ਜਾਵਾਂ। ਉਹ ਦੁੱਖ, ਉਹ ਚੀਸ ਵਗਾਹ ਕੇ ਪਰ੍ਹੇ ਮਾਰਾਂ ਜੋ ਮੇਰੇ ਭਾਪਾ ਜੀ ਨੂੰ ਕਸ਼ਟ ਦੇ ਰਹੀ ਹੈ, ਪਰ ਇਹ ਮੇਰੇ ਵਸ 'ਚ ਨਹੀਂ ਸੀ।

ਵੰਡ ਦੇ ਹਿਜ਼ਰਤ ਵੇਲੇ ਦੇ ਦਿਨਾਂ ਦੀ ਗੱਲ ਕਰਦਿਆਂ, ਵੱਢ-ਟੁੱਕ ਦੀਆਂ ਗੱਲਾਂ ਦੱਸਦਿਆਂ ਉਹ ਇੱਕ ਹਿਰਦੇਵੇਦਕ ਘਟਨਾ ਦਾ ਜ਼ਿਕਰ ਅਕਸਰ ਕਰਿਆ ਕਰਦੇ ਸਨ ਕਿ ਕਿਸ ਤਰ੍ਹਾਂ ਇੱਕ ਬੱਚਾ ਆਪਣੀ ਮਰੀ ਪਈ ਮਾਂ ਦੀਆਂ ਛਾਤੀਆਂ ਚੁੰਘਣ ਦੀ ਕੋਸ਼ਿਸ਼ ਕਰਦਾ ਰੋ ਰਿਹਾ ਸੀ। ਮੈਂ ਇਹ ਸਭ ਭਾਪਾ ਜੀ ਦੀ ਛਾਤੀ 'ਤੇ ਸਿਰ ਰੱਖ ਕੇ ਬੜੀ ਨੀਝ ਲਾ ਕੇ ਸੁਣਦਾ। ਭਾਪਾ ਜੀ ਦੀ ਧੜਕਣ ਤੇਜ਼ ਹੋ ਜਾਂਦੀ। ਇਹ ਤੇਜ਼ ਧੜਕਣ ਮੇਰੇ ਅੰਦਰ ਵੀ ਇੱਕ ਅਜੀਬ ਜਿਹੀ ਬੇਚੈਨੀ ਪੈਦਾ ਕਰ ਦਿੰਦੀ। ਮੇਰੀਆਂ ਅੱਖਾਂ ਵੀ ਭਰ ਆਉਂਦੀਆਂ। ਭਾਪਾ ਜੀ ਅਜਿਹੇ ਪਲਾਂ ਦੌਰਾਨ ਕਈ ਵਾਰ ਉੱਚੀ ਉੱਚੀ ਰੋਣ ਲੱਗ ਪੈਂਦੇ ਤੇ ਆਖਦੇ, "ਉਹ ਮੇਰਿਆ ਰੱਬਾ! ਉਹ ਦਿਨ ਮੁੜ ਕੇ ਨਾ ਦਿਖਾਈਂ।" ਅਜਿਹੀਆਂ ਘਟਨਾਵਾਂ ਦਾ ਜ਼ਿਕਰ ਕਰਦੇ ਵਕਤ ਉਨ੍ਹਾਂ ਦੀ ਮੇਰੇ ਦੁਆਲੇ ਪਕੜ ਹੋਰ ਮਜ਼ਬੂਤ ਹੁੰਦੀ ਜਾਂਦੀ। ਉਹ ਮੈਨੂੰ ਆਪਣੀ ਛਾਤੀ ਨਾਲ ਹੋਰ ਵਧੇਰੇ ਘੁੱਟ ਕੇ ਲਾ ਲੈਂਦੇ।

ਇਸ ਮਜ਼ਬੂਤ ਹੁੰਦੀ ਪਕੜ ਦੀ ਉਸ ਵੇਲੇ ਮੈਨੂੰ ਸਮਝ ਨਹੀਂ ਸੀ, ਮੇਰਾ ਬਾਲ ਮਨ ਭਾਪਾ ਜੀ ਦੇ ਅਹਿਸਾਸ ਦੀ ਥਾਹ ਪਾਉਣ ਦੇ ਸਮਰੱਥ ਨਹੀਂ, ਸੀ ਪਰ ਏਨਾ ਜਰੂਰ ਪਤਾ ਲੱਗ ਜਾਂਦਾ ਸੀ ਕਿ ਭਾਪਾ ਜੀ ਬਹੁਤ ਦੁਖੀ ਹਨ।

ਬਾਅਦ 'ਚ ਜਵਾਨ ਹੋ ਕੇ ਜਦ ਸਾਹਿਤ ਵੱਲ ਝੁਕਾਅ ਹੋਇਆ ਤਾਂ ਭਾਪਾ ਜੀ ਦੀ ਉਸ ਪਕੜ ਦੀ ਸਮਝ ਪਈ ਕਿ ਉਹ ਤਾਂ ਇੱਕ ਬਾਪ ਦੀ ਪਕੜ ਸੀ, ਜੋ ਜੰਗ ਦੇ ਮੈਦਾਨ 'ਚੋਂ ਆਪਣੇ ਪੁੱਤ ਨੂੰ ਹਰ ਹਾਲ ਬਚਾਅ ਕੇ ਲੈ ਜਾਣਾ ਚਾਹੁੰਦਾ ਹੈ। ਸਮਝ ਤਾਂ ਬੇਸ਼ੱਕ ਪੈ ਗਈ ਸੀ, ਪਰ ਜਿਸ ਸ਼ਿੱਦਤ ਨਾਲ ਹੁਣ ਪਈ ਹੈ, ਉਸ ਵੇਲੇ ਨਹੀਂ ਪਈ ਸੀ।

ਦਿੱਲੀ ਹਾਈਕੋਰਟ ਨੇ ਜਦ 1984 ਦੇ ਦਿੱਲੀ ਕਤਲੇਆਮ ਦੇ ਇੱਕ ਮਾਮਲੇ 'ਚ ਸੱਜਣ ਕੁਮਾਰ ਨੂੰ ਦੋਸ਼ੀ ਕਰਾਰ ਦੇ ਕੇ ਉਮਰ ਕੈਦ ਦੀ ਸਜ਼ਾ ਸੁਣਾਈ ਤਾਂ ਲਗਾਤਾਰ 34 ਸਾਲ ਮੁਕੱਦਮਾ ਲੜਨ ਵਾਲੀ ਜਗਦੀਸ਼ ਕੌਰ ਦੀ ਇੰਟਰਵਿਊ ਵੀ ਦੇਖਣ ਨੂੰ ਮਿਲੀ। ਜਗਦੀਸ਼ ਕੌਰ ਜਦ ਬਿਆਨ ਕਰਦੀ ਹੈ



ਬੀਬੀ ਜਗਦੀਸ਼ ਕੌਰ

ਕਿ ਕਿਸ ਤਰ੍ਹਾਂ ਉਸ ਨੇ ਆਪਣੇ ਪਤੀ ਤੇ ਜਵਾਨ ਪੁੱਤ ਦੀਆਂ ਲਾਸ਼ਾਂ ਦਾ ਸਸਕਾਰ ਘਰ ਦੇ ਅੰਦਰ ਹੀ ਬਚੇ ਖੁਚੇ ਫਰਨੀਚਰ ਨਾਲ ਕੀਤਾ ਸੀ ਤੇ ਜਦ ਉਹ ਸੁਆਲ ਕਰਦੀ ਹੈ ਕਿ ਕਿਸ ਨੂੰ ਆਪਣਾ ਵਤਨ ਕਹੀਏ ਤਾਂ ਮੈਨੂੰ ਭਾਪਾ ਜੀ ਦੀ ਆਪਣੇ ਦੁਆਲੇ ਪਲ ਪਲ ਮਜ਼ਬੂਤ ਹੁੰਦੀ ਪਕੜ ਦਾ ਜਿਸ ਸ਼ਿੱਦਤ ਨਾਲ ਅਹਿਸਾਸ ਹੋਇਆ, ਉਹ ਪਹਿਲੇ ਅਹਿਸਾਸ ਨਾਲੋਂ ਕਿਤੇ ਵਧੇਰੇ ਵੱਖਰਾ ਸੀ।

ਭਾਪਾ ਜੀ ਅਕਸਰ ਕਿਹਾ ਕਰਦੇ ਸਨ ਕਿ ਪਤਾ ਨਹੀਂ ਕੀ ਹਵਾ ਵਗ ਗਈ ਸੀ, ਚੰਗੇ ਭਲੇ ਇਨਸਾਨ ਇੱਕ ਦੂਸਰੇ ਦੇ ਦੁਸ਼ਮਣ ਬਣ ਗਏ ਸਨ। ਉਹ ਦੱਸਦੇ ਹੁੰਦੇ ਸਨ ਕਿ ਕਿਵੇਂ ਉਨ੍ਹਾਂ ਦੇ ਚਾਚੇ, ਸਾਡੇ ਬਾਬੇ ਨੇ ਆਪਣੀ ਦੇਸੀ ਬੰਦੂਕ ਨਾਲ ਫਸਲ ਨੂੰ ਪਾਣੀ ਦੇ ਰਿਹਾ ਇੱਕ ਮੁਸਲਿਮ ਕਿਸਾਨ ਮਾਰ ਮੁਕਾਇਆ ਸੀ, ਜਿਸ ਦਾ ਕੋਈ ਕਸੂਰ ਵੀ ਨਹੀਂ ਸੀ।

ਇਸ 'ਤੇ ਮੇਰੇ ਮਨ 'ਚ ਸੰਸਾ ਉਠਦਾ ਕਿ ਕਿਤੇ ਭਾਪਾ ਜੀ ਨੇ ਨਾ ਕੋਈ ਮੁਸਲਮਾਨ ਮਾਰਿਆ ਹੋਵੇ! ਇੱਕ ਵਾਰ ਮੈਂ ਪੁੱਛ ਈ ਲਿਆ, "ਭਾਪਾ ਜੀ, ਤੁਸੀਂ ਕਿੰਨੇ ਮੁਸਲਮਾਨ ਮਾਰੇ?"

ਉਨ੍ਹਾਂ ਮੇਰੇ ਵੱਲ ਥੋੜ੍ਹਾ ਕੌੜ ਨਾਲ ਦੇਖਿਆ, ਪਰ ਫੌਰੀ ਤੌਰ 'ਤੇ ਕੁੱਝ ਨਹੀਂ ਕਿਹਾ। ਫੇਰ ਮੋਢੇ ਤੋਂ ਫੜ ਕੇ, ਮੇਰੀਆਂ ਅੱਖਾਂ 'ਚ ਝਾਕਦਿਆਂ ਕਿਹਾ, "ਇਹ ਕਿਵੇਂ ਹੋ ਸਕਦਾ ਭਲਾ! ਤੇਰੇ ਬਾਬੇ ਕੋਲੋਂ ਪਤਾ ਨਹੀਂ ਕਿਵੇਂ ਗਲਤੀ ਹੋ ਗਈ! ਤੇਰੇ ਬਾਬੇ (ਭਾਪਾ ਜੀ ਦੇ ਚਾਚੇ) ਵਲੋਂ ਕੀਤੀ ਬੱਜਰ ਗਲਤੀ ਦਾ ਸਾਰੇ ਪਰਿਵਾਰ ਨੇ ਬੁਰਾ ਮਨਾਇਆ ਸੀ। ਆਪਣੇ ਪਰਿਵਾਰ ਦੀ ਮੁਸਲਮਾਨਾਂ ਨਾਲ ਬਹੁਤ ਬਣਦੀ ਸੀ, ਉਹ ਤਾਂ ਸਾਡੇ ਕਾਫਲੇ ਦੇ ਨਾਲ ਦੂਰ ਤੱਕ ਆਏ ਸਨ ਕਿ ਕੋਈ ਵਾਹਰ ਕਾਫਲੇ ਨੂੰ ਨਾ ਘੇਰ ਲਵੇ। ਉਹ ਜਿਹੜੇ ਵੱਢ-ਟੁੱਕ ਤੇ ਲੁੱਟਮਾਰ ਕਰਨ ਵਾਲੇ ਸਨ, ਉਹ ਮੁਸਲਮਾਨ ਨਹੀਂ ਸਨ, ਉਹ ਤਾਂ ਕੋਈ ਹੋਰ ਈ ਸਨ।"

ਮੈਂ ਸੋਚਿਆ ਕਿ ਜੇ ਉਨ੍ਹਾਂ ਨੂੰ ਏਨਾ ਭਰੋਸਾ ਹੈ ਤਾਂ ਫੇਰ ਵੱਢ-ਟੁੱਕ ਕਰਨ ਵਾਲੇ ਕੌਣ ਸਨ? ਭਾਪਾ ਜੀ ਮੇਰੇ ਸੰਸਿਆਂ ਨੂੰ ਦੂਰ ਕਰਦਿਆਂ ਬੋਲਦੇ, "ਇੱਕਲਾ ਪੁੱਤ ਸੀ ਮਾਪਿਆਂ ਦਾ। ਉਸ ਵੇਲੇ ਪੂਰਾ ਜਵਾਨ ਨਹੀਂ ਸੀ। ਸ਼ਾਇਦ ਇਸੇ ਕਰਕੇ ਵੱਢ-ਟੁੱਕ ਤੋਂ ਬਹੁਤ ਦੂਰ ਰਿਹਾ। ਮੈਂ ਹੀ ਨਹੀਂ, ਤੇਰੇ ਚਾਚੇ (ਭਾਪਾ ਜੀ ਦੇ ਚਚੇਰੇ ਭਰਾ) ਵੀ ਦੂਰ ਰਹੇ ਇਸ ਖੂਨ ਖਰਾਬੇ ਤੋਂ। ਉਹ ਤਾਂ ਮੇਰੇ ਤੋਂ ਕਾਫੀ ਛੋਟੇ ਸਨ।" ਇਹ ਆਖ ਕੇ ਉਨ੍ਹਾਂ ਮੈਨੂੰ ਆਪਣੀ ਵੱਖੀ ਨਾਲ ਲਾ ਲਿਆ ਸੀ।

ਭਾਵੇਂ ਮੈਂ ਨਿਆਣਾ ਹੀ ਸੀ, ਪਰ ਉਨ੍ਹਾਂ ਦਾ ਜੁਆਬ ਸੁਣ ਕੇ ਮੇਰੇ ਮਨ ਨੂੰ ਕਾਫੀ ਤਸੱਲੀ ਹੋਈ ਸੀ ਕਿ ਮੇਰਾ ਬਾਪ ਕਾਤਲ ਨਹੀਂ, ਪਰ ਉਸ ਮਾਰੇ ਗਏ ਮੁਸਲਮਾਨ ਦੀ ਤਸਵੀਰ ਜਰੂਰ ਮਨ ਹੀ ਮਨ 'ਚ ਬਣਾਉਂਦਾ ਰਹਿੰਦਾ ਕਿ ਗੋਲੀ ਕਿੱਥੇ ਵੱਜੀ ਹੋਵੇਗੀ! ਉਹ ਕਿਵੇਂ ਡਿਗਿਆ ਹੋਵੇਗਾ!! ਤੇ ਅੰਤ ਕਿਵੇਂ ਆਇਆ ਹੋਵੇਗਾ!!!

ਮੈਨੂੰ ਇਸ ਮੌਕੇ ਲੱਲੀਆਂ ਵਾਲਾ ਚਾਚਾ ਬਖਸ਼ੀ ਵੀ ਚੇਤੇ ਆਇਆ, ਜਿਸ ਨੇ ਇੱਧਰ 'ਆਪਣਿਆਂ' ਵੱਲੋਂ ਮਚਾਈ ਹਨੇਰੀ ਦੇ ਇੱਕ ਵਾਰ ਪਾਜ ਖੋਲ੍ਹੇ ਸਨ। ਚਾਚਾ ਬਖਸ਼ੀ ਸ਼ਮਸ਼ਾਦ ਬੇਗਮ ਦਾ ਸ਼ੈਦਾਈ ਸੀ। ਜਵਾਨੀ ਵੇਲੇ ਸ਼ਮਸ਼ਾਦ ਦੀ ਖਿੱਚ ਉਸ ਨੂੰ ਬੰਬਈ ਲੈ ਗਈ ਸੀ। ਵੰਡ ਵੇਲੇ ਜਦ ਇੱਧਰੋਂ ਉੱਠ ਕੇ ਲੋਕ ਤੁਰੇ ਸਨ ਤਾਂ ਇੱਧਰ ਮਚੀ ਹਾਲ-ਦੁਹਾਈ ਦਾ ਜ਼ਿਕਰ ਕਰਦਿਆਂ ਚਾਚਾ ਬਖਸ਼ੀ ਪੂਰੇ ਗੁੱਸੇ 'ਚ ਬੋਲਿਆ ਸੀ, "ਕੀ ਦੱਸਾਂ ਇੰਦਰਜੀਤ, ਢਕੀ ਰਿੱਝਣ ਦੇ!" ਉਸ ਨੇ ਨਾਂ ਲੈ ਲੈ ਕੇ ਕਿਹਾ, "ਆਹ ਕੰਜਰ ਜਿਹੜੇ ਬੀਬੀਆਂ ਦਾੜ੍ਹੀਆਂ ਲਟਕਾਈ ਫਿਰਦੇ ਆ ਨਾ, ਇਹ ਕੋਈ ਸਿੱਖ ਆ ਭਲਾ? ਸਿੱਖ ਤਾਂ ਮਜਲੂਮ ਦੀ ਰਾਖੀ ਲਈ ਸਿਰਜਿਆ ਸੀ ਦਸਮੇ ਪਾਤਸ਼ਾਹ ਨੇ! ਇਨ੍ਹਾਂ ਦੇ ਪਾਪ ਗਿਣਾਏ ਨਹੀਂ ਜਾ ਸਕਦੇ। ਕਿੰਨੀਆਂ ਧੀਆਂ ਦੀ ਪੱਤ ਲੁੱਟੀ, ਕਿੰਨੇ ਪਾਰ ਬੁਲਾਏ, ਕੋਈ ਹਿਸਾਬ ਆ? ਕਿਸੇ ਵੀ ਜਹਾਨ 'ਚ ਢੋਈ ਨਹੀਂ ਮਿਲਣੀ ਇਨ੍ਹਾਂ ਨੂੰ। ਅੱਜ ਇਨ੍ਹਾਂ 'ਚੋਂ ਕਿਸੇ ਦੇ ਪੁੱਤ-ਪੋਤੇ ਜਥੇਦਾਰ ਬਣੀ ਫਿਰਦੇ ਆ, ਕੋਈ ਆਖਦਾ ਫਿਰਦੈ ਕਿ ਮੈਂ ਸੀਨੀਅਰ ਕਾਂਗਰਸੀ ਆਗੂ ਆਂ! ਕੋਈ ਆਖ ਰਿਹੈ ਕਿ ਅਸੀਂ ਅਕਾਲੀ ਹੁੰਨੇ ਆਂ! ਮੇਰਾ ਬਸ ਚੱਲੇ ਤਾਂ ਸਭ ਲੀਰੋ ਲੀਰ ਕਰ ਦੇਵਾਂ...। ਇਹ ਸਭ ਕੂੜ ਆ ਕੂੜ, ਜਿਹਦੇ ਬਾਰੇ ਬਾਬੇ ਨਾਨਕ ਨੇ ਲਿਖਿਆ ਸੀ, ਕੂੜੁ ਫਿਰੈ ਪਰਧਾਨੁ ਵੇ ਲਾਲੋ॥"

ਚਾਚੇ ਬਖਸ਼ੀ ਦੀਆਂ ਗੱਲਾਂ ਸੁਣ ਕੇ ਕੰਨਾਂ 'ਚੋਂ ਸੇਕ ਨਿਕਲਣ ਲੱਗ ਪਿਆ ਸੀ ਮੇਰੇ। ਉਹਦਾ ਤਪਦਾ ਚਿਹਰਾ ਵੇਖ ਕੇ ਜਾਪਿਆ ਸੀ ਕਿ ਉਹ ਇਸ 'ਕੂੜ' ਨੂੰ ਹੁਣੇ ਮਲੀਆਮੇਟ ਕਰ ਦੇਵੇਗਾ।

ਬਚਪਨ 'ਚ ਭਾਪਾ ਜੀ ਕੋਲੋਂ ਗੱਲਾਂ ਸੁਣ ਕੇ ਮੈਨੂੰ ਜਾਪਦਾ ਸੀ ਕਿ ਮੇਰੇ ਭਾਪਾ ਜੀ, ਮੇਰੇ ਬਜ਼ੁਰਗ ਯੋਧੇ ਹਨ, ਜਿਨ੍ਹਾਂ ਏਨੇ ਦੁੱਖ ਝੱਲ ਕੇ, ਆਪਣਾ ਬਣਿਆ ਬਣਾਇਆ ਘਰ ਬਾਰ ਛੱਡ ਕੇ ਨਵੇਂ ਸਿਰੇ ਤੋਂ ਇੱਧਰ ਆਪਣੇ ਪੈਰ ਜਮਾਏ, ਨਵੇਂ ਸਿਰਿਓਂ ਆਪਣਾ ਘਰ ਬਣਾਇਆ। ਬਾਅਦ 'ਚ ਮਨੁੱਖੀ ਸੰਵੇਦਨਾਵਾਂ ਨੂੰ ਸਮਝਣ ਤੇ ਮਹਿਸੂਸ ਕਰਨ ਦੀ ਜਦ ਸੋਝੀ ਆਈ ਤਾਂ ਮੈਨੂੰ ਆਪਣੇ ਭਾਪਾ ਜੀ 'ਤੇ ਰਸ਼ਕ ਆਉਣ ਲੱਗਾ ਕਿ ਇਹ ਮਨੁੱਖ ਧਾਰਮਿਕ ਵਲਗਣਾ ਤੋਂ ਪਾਰ, ਬਹੁਤ ਉੱਚੀ ਸੁੱਚੀ ਸੋਚ ਦਾ ਮਾਲਕ ਹੈ। ਮੇਰਾ ਭਾਪਾ ਜੀ ਇੱਕ ਸਧਾਰਨ ਇਨਸਾਨ, ਇੱਕ ਆਮ ਕਿਸਾਨ ਸਨ। ਮੇਰੀ ਇਹ ਧਾਰਨਾ ਪੱਕੀ ਹੋ ਗਈ ਕਿ ਮੇਰੇ ਭਾਪਾ ਜੀ ਵਰਗਾ, ਚਾਚੇ ਬਖਸ਼ੀ ਵਰਗਾ ਸਧਾਰਨ ਮਨੁੱਖ ਕਦੇ ਵਹਿਸ਼ੀ ਨਹੀਂ ਹੁੰਦਾ। ਵਹਿਸ਼ੀ ਤਾਂ ਹਜੂਮ ਹੁੰਦਾ ਹੈ ਤੇ ਹਜੂਮ ਖੁਦ ਨਹੀਂ ਬਣਦਾ, ਹਜੂਮ ਤਾਂ ਬਣਾਇਆ ਜਾਂਦਾ ਹੈ। ਹੁਣ ਜਗਦੀਸ਼ ਕੌਰ ਤੇ ਨਿਰਪ੍ਰੀਤ ਕੌਰ ਦੇ ਦਰਦ ਨੂੰ, ਜਿਸ ਨੂੰ ਪਹਿਲਾਂ ਪੜ੍ਹਿਆ ਤਾਂ ਵਾਰ ਵਾਰ ਸੀ, ਉਨ੍ਹਾਂ ਦੇ ਮੂੰਹੋਂ ਸੁਣ ਕੇ, ਮਹਿਸੂਸ ਕਰਕੇ, ਸੋਚ ਰਿਹਾ ਹਾਂ ਕਿ ਕੋਈ ਮਨੁੱਖ ਏਨਾ ਤਾਕਤਵਰ ਕਿਵੇਂ ਹੋ ਸਕਦਾ ਹੈ ਕਿ ਦੁੱਖਾਂ ਦੀ ਸੁਨਾਮੀ ਦਾ ਵੀ ਮੂੰਹ ਮੋੜ ਦੇਵੇ। ਵੰਡ ਵੇਲੇ ਤਾਂ ਹਮਲਾਵਰ ਵੱਖੋ ਵੱਖ ਧਰਮਾਂ ਦੇ ਚੋਲੇ ਪਾ ਕੇ ਵਹੀਰਾਂ ਦਾ ਰੂਪ ਧਾਰੀ ਫਿਰਦੇ ਸਨ, ਪਰ ਜਗਦੀਸ਼ ਕੌਰ ਤੇ ਹੋਰਨਾਂ ਨੂੰ ਤਾਂ ਉਨ੍ਹਾਂ ਦੇ 'ਆਪਣਿਆਂ' ਨੇ ਹੀ ਕੋਹ ਕੋਹ ਕੇ ਮਾਰਿਆ ਸੀ।

*(ਬਾਕੀ ਅਗਲੇ ਅੰਕ ਵਿੱਚ)*

## ਪਰਵਾਸੀ ਪੰਜਾਬੀ ਸਾਹਿਤ ਆਲੋਚਨਾ ਦੀ ਬਲੰਦ ਪ੍ਰਤਿਭਾ ਸਨ

# ਡਾ. ਹਰਚੰਦ ਸਿੰਘ ਬੇਦੀ

**ਡਾ. ਗੁਰਬੀਰ ਸਿੰਘ ਬਰਾੜ**
**ਸਹਾਇਕ ਪ੍ਰੋ. ਗੁਰੂ ਨਾਨਕ ਕਾਲਜ ਬਟਾਲਾ।**



ਮੇਰੇ ਅਧਿਆਪਕ ਡਾਕਟਰ ਹਰਚੰਦ ਸਿੰਘ ਬੇਦੀ, ਪਰਵਾਸੀ ਪੰਜਾਬੀ ਸਾਹਿਤ ਆਲੋਚਨਾ ਦੀ ਇਕ ਬਲੰਦ ਪ੍ਰਤਿਭਾ ਸਨ। ਪ੍ਰਤਿਭਾ ਤੋਂ ਮੁਰਾਦ ਕਿਸੇ ਵਿਅਕਤੀ ਦੀ ਉੱਚੀ ਬੌਧਿਕ-ਸਿਰਜਣਾਤਮਕ ਸਮਰੱਥਾ ਤੋਂ ਹੈ। ਰੋਮਨ ਸਮਾਜ ਵਿੱਚ ਪ੍ਰਤਿਭਾ ਸਬੰਧੀ ਮਾਨਤਾ ਸੀ ਕਿ ਇਹ ਕੁਦਰਤ ਵੱਲੋਂ ਬਖਸ਼ਿਆ ਗਿਆ ਨਿੱਜੀ ਗੁਣ ਹੈ, ਜੋ ਹਰੇਕ ਮਨੁੱਖ ਨੂੰ ਜਨਮ ਸਮੇਂ ਪ੍ਰਾਪਤ ਹੁੰਦਾ ਹੈ ਅਤੇ ਮਰਨ ਤੱਕ ਉਸਦੇ ਕੋਲ ਰਹਿੰਦਾ ਹੈ। ਰੋਮਨ ਮਿੱਥ ਵਿਚ ਇਹ ਇੱਕ ਕਿਸਮ ਦਾ ਦੇਵਤਾ ਸੀ, ਇਸ ਦਾ ਮਹੱਤਵਪੂਰਨ ਕੰਮ ਹੁੰਦਾ ਸੀ ਵਿਅਕਤੀਗਤ ਅਤੇ ਸਮੂਹਿਕ (ਕੌਮੀ) ਜੀਵਨ ਦੀ ਨਿਰੰਤਰਤਾ ਲਈ ਬਚਾਓ ਵਿਧੀਆਂ ਦਰਸਾਉਣਾ ਤੇ ਅਗਵਾਈ ਕਰਨਾ। ਫ਼ਲਸਫ਼ੇ ਦੀ ਭਾਸ਼ਾ ਵਿਚ ਮੌਲਿਕ ਸ਼ਖ਼ਸੀਅਤ ਦੇ ਇੱਕ ਗੁਣ ਵਜੋਂ ਪ੍ਰਤਿਭਾ ਅੰਤਰ-ਦ੍ਰਿਸ਼ਟੀ ਵਜੋਂ ਵਿਚਰਦੀ ਹੈ, ਜੋ ਉਸ ਦੇ ਕਲਾਤਮਕ ਅਤੇ ਸਿਰਜਣਾਤਮਕ ਪ੍ਰਗਟਾਵੇ ਨੂੰ ਇਕ ਬੁਲੰਦੀ ‘ਤੇ ਲੈ ਜਾਂਦੀ ਹੈ। ਇਹ ਬੁਲੰਦੀ ਹੀ ਕਈ ਵਾਰ ਮਾਪਦੰਡ ਬਣ ਜਾਂਦੀ ਹੈ। ਇਸ ਤਰ੍ਹਾਂ ਪ੍ਰਤਿਭਾ ਦੇ ਜ਼ਿੰਮੇ ਅਗਵਾਈ, ਅਧਿਆਪਨ, ਸਿਰਜਣਾ, ਪ੍ਰਗਟਾਵਾ ਆਦਿ ਕਰਤਾਰੀ ਅਤੇ ਬੌਧਿਕ ਲੱਛਣਾਂ ਦਾ ਸੰਯੋਜਨ ਕਰਨਾ ਹੁੰਦਾ ਹੈ।

ਡਾ. ਹਰਚੰਦ ਸਿੰਘ ਬੇਦੀ ਦੀਆਂ ਹੋਰ ਸੈਂਕੜੇ ਖ਼ੂਬੀਆਂ ਵਿਚ ਜਿਹੜੀ ਗੱਲ ਮੇਰੇ ਦਿਲ ਦੇ ਸਭ ਤੋਂ ਨੇੜੇ ਹੈ, ਉਹ ਹੈ ਕਿ ਉਨ੍ਹਾਂ ਨੇ ਰਿਸ਼ਤਿਆਂ ਦੀ ਇੱਕ ਨਵੀਂ ਇਬਾਰਤ ਲਿਖੀ। ਆਪਣੇ ਵਿਦਿਆਰਥੀਆਂ ਨਾਲ ਉਨ੍ਹਾਂ ਦਾ ਰਿਸ਼ਤਾ ਸਿਰਫ ਅਕਾਦਮਿਕ ਅਗਵਾਈ ਦੇਣ ਵਾਲਾ ਨਹੀਂ ਸੀ, ਸਗੋਂ ਉਨ੍ਹਾਂ ਇਸ ਰਿਸ਼ਤੇ ਨੂੰ ਉੱਚੀ ਨੈਤਿਕਤਾ, ਮੁਹੱਬਤ ਅਤੇ ਖ਼ਲੂਸ ਨਾਲ ਭਰਪੂਰ ਕਰ ਦਿੱਤਾ ਸੀ। ਇਹ ਨਹੀਂ ਕਿ ਉਹ ਉਮਰ ਵਿਚ ਵੱਡੇ ਸਨ ਅਤੇ ਉਨ੍ਹਾਂ ਨੂੰ ਜ਼ਿੰਦਗੀ ਦਾ ਵਧੇਰੇ ਗਿਆਨ ਸੀ, ਇਸ ਲਈ ਉਹ ਚੰਗੀ ਸਲਾਹ ਕਰਦੇ ਸਨ, ਪਰ ਸੱਚ ਇਹ ਹੈ ਕਿ ਉਹ ਇਕ ਬਜ਼ੁਰਗ ਵਾਂਗ ਦਿਲ ਰੱਖਦੇ ਸਨ, ਜੋ ਹਮੇਸ਼ਾ ਆਪਣੇ ਬੱਚਿਆਂ ਨੂੰ ਨੇਕ ਸਲਾਹ ਦੇਣ ਲਈ ਤਤਪਰ ਰਹਿੰਦਾ ਹੈ।

ਸਾਹਿਤਕਾਰ ਲਾਲ ਸਿੰਘ ਬੇਦੀ ਦੇ ਘਰ 25 ਦਸੰਬਰ 1951 ਨੂੰ ਜਨਮੇ ਸ. ਹਰਚੰਦ ਸਿੰਘ ਬੇਦੀ ਨੇ ਬਹੁਤ ਸੰਘਰਸ਼ਸ਼ੀਲ ਜੀਵਨ ਜੀਵਿਆ, ਜੋ ਉਨ੍ਹਾਂ ਦੇ ਵਿਦਿਆਰਥੀਆਂ, ਦੋਸਤਾਂ ਅਤੇ ਜਾਣਕਾਰਾਂ ਵਾਸਤੇ ਬੇਹੱਦ ਪ੍ਰੇਰਨਾ ਦਾਇਕ ਹੈ। ਡਾ. ਬੇਦੀ ਨੇ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਬੀ.ਏ. ਆਨਰਜ਼ ਪਹਿਲੇ ਦਰਜੇ ਵਿਚ ਪਾਸ ਕੀਤੀ। ਐਮ.ਏ. ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਗੋਲਡ ਮੈਡਲ ਨਾਲ ਪਾਸ ਕੀਤੀ। ਐਮ.ਫਿਲ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਤੋਂ ਫਸਟ ਕਲਾਸ ਫਸਟ ਰਹਿ ਕੇ ਪਾਸ ਕੀਤੀ। 1991 ਵਿਚ ਪੀਐਚ.ਡੀ. ਅਤੇ ਫਿਰ ਉਰਦੂ ਤੇ ਫਾਰਸੀ ਭਾਸ਼ਾਵਾਂ ਵਿਚ ਡਿਪਲੋਮੇ ਕੀਤੇ। ਡਾ. ਬੇਦੀ ਨੇ ਆਪਣੀ ਮਿਹਨਤ ਲਗਨ ਅਤੇ ਵਿਦਵਤਾ ਦੇ ਬਲਬੂਤੇ ਪਰਵਾਸੀ ਪੰਜਾਬੀ ਸਾਹਿਤ ਨੂੰ ਇੱਕ ਆਜ਼ਾਦ ਅਨੁਸ਼ਾਸਨ ਬਣਾ ਦਿੱਤਾ। ਇਸ ਖੇਤਰ ਵਿਚ ਲਗਭਗ ਤੀਹ ਸਾਲ ਉਨ੍ਹਾਂ ਆਪਣੀ ਵਿਦਵਤਾ ਦਾ ਲੋਹਾ ਮਨਵਾਇਆ। ਆਪਣੀ ਹਯਾਤੀ ਵਿਚ ਉਨ੍ਹਾਂ 67 ਮੌਲਿਕ ਕਿਤਾਬਾਂ ਲਿਖੀਆਂ। 72 ਖੋਜ ਪੱਤਰ, 52 ਲੇਖ, 59 ਸੈਮੀਨਾਰ ਅਤੇ ਕਾਨਫ਼ਰੰਸਾਂ ਵਿਚ ਪੱਤਰ ਪੇਸ਼ ਕੀਤੇ। ਇਸ ਤੋਂ ਇਲਾਵਾ 110 ਕਿਤਾਬਾਂ ਦੇ ਰੀਵਿਊ ਕੀਤੇ ਅਤੇ 42 ਕਿਤਾਬਾਂ ਦੀਆਂ ਭੂਮਿਕਾਵਾਂ ਲਿਖੀਆਂ ਤੇ 30 ਲੇਖਕਾਂ ਦੀ ਇੰਟਰਵਿਊ ਲੈ ਕੇ ਪ੍ਰਕਾਸ਼ਿਤ ਕੀਤੀ। ਉਨ੍ਹਾਂ ਵੱਲੋਂ ਪਰਵਾਸੀ ਪੰਜਾਬੀ ਸਾਹਿਤ ਅਤੇ ਵੱਖ ਵੱਖ ਅਦਬੀ ਸ਼ਖਸੀਅਤਾਂ ਬਾਰੇ ਕਈ ਕਈ ਭਾਗਾਂ ਵਾਲੇ ਤੇਰਾਂ ਹਵਾਲਾ ਗ੍ਰੰਥ ਤਿਆਰ ਕੀਤੇ ਗਏ। ਭਾਈ ਵੀਰ ਸਿੰਘ ਖੋਜ ਕੇਂਦਰ, ਚੀਫ਼ ਖਾਲਸਾ ਦੀਵਾਨ ਅੰਮ੍ਰਿਤਸਰ ਦੇ ਨਿਰਦੇਸ਼ਕ ਵਜੋਂ ਉਨ੍ਹਾਂ ਭਾਈ ਵੀਰ ਸਿੰਘ ਬਾਰੇ ਵੀ ਉਸੇ ਸ਼ਿੱਦਤ ਨਾਲ ਖੋਜ ਕਾਰਜ ਆਰੰਭ ਕੀਤਾ ਅਤੇ ਆਖਰੀ ਹਵਾਲਾ ਗ੍ਰੰਥ ਭਾਈ ਵੀਰ ਸਿੰਘ ਬਾਰੇ ਤਿਆਰ ਕੀਤਾ, ਜੋ ਪ੍ਰੈੱਸ ਵਿਚ ਛਪਾਈ ਅਧੀਨ ਸੀ, ਜਦੋਂ ਬੁਲਾਵਾ ਆ ਗਿਆ।

ਸਾਰਾ ਜੀਵਨ ਭਰਪੂਰ ਊਰਜਾ ਨਾਲ ਉਨ੍ਹਾਂ ਪਰਵਾਸੀ ਪੰਜਾਬੀ ਸਾਹਿਤ ਲਈ ਨਿੱਗਰ ਜ਼ਮੀਨ ਤਿਆਰ ਕੀਤੀ। ਉਨ੍ਹਾਂ ਦੀ ਘਾਲਣਾ ਨੂੰ ਮਾਨਤਾ ਦਿੰਦਿਆਂ ਯੂ.ਜੀ.ਸੀ. ਵੱਲੋਂ ਉਨ੍ਹਾਂ ਨੂੰ ਪਰਵਾਸੀ ਪੰਜਾਬੀ ਸਾਹਿਤ ਦੇ ਪ੍ਰੋਫੈਸਰ ਅਮੈਰਿਟਸ ਦੇ ਸਨਮਾਨਤ ਖ਼ਿਤਾਬ ਨਾਲ ਨਿਵਾਜਿਆ ਗਿਆ।

ਭਾਵੇਂ ਡਾ. ਹਰਚੰਦ ਸਿੰਘ ਬੇਦੀ ਮਾਰਕਸਵਾਦੀ ਅਧਿਐਨ ਵਿਧੀ ਦੇ ਬਹੁਤ ਚੰਗੇ ਜਾਣੂ ਸਨ, ਪਰ ਉਨ੍ਹਾਂ ਨੇ ਆਪਣੀ ਨਿਜੀ ਸ਼ੈਲੀ ਵਿਕਸਿਤ ਕੀਤੀ, ਜਿਸ ਉਪਰ ਝਾਤੀ ਮਾਰਦਿਆਂ ਅਸੀਂ ਉਨ੍ਹਾਂ ਦੀ ਅਧਿਐਨ ਵਿਧੀ ਵਿਚ ਮਾਰਕਸਵਾਦੀ ਅਧਿਐਨ ਵਿਧੀ ਦੇ ਨਾਲ ਨਾਲ ਲੇਖਕ ਅਤੇ ਰਚਨਾ ਨੂੰ ਤੋੜ ਕੇ ਵੇਖਣ ਵਾਲੀਆਂ ਵਿਧੀਆਂ ਜਿਵੇਂ ਦੈਰਿਦਾ ਦੀ ਵਿਖੰਡਨਵਾਦੀ ਵਿਧੀ ਅਤੇ ਪਾਠਾਤਮਕ ਅਧਿਐਨ ਵਿਧੀ, ਜਿਸ ਵਿੱਚ ਅੰਤਰ ਪਾਠ ਪੱਧਰ ਤੇ ਰਚਨਾ ਨੂੰ ਪਰਖਣ-ਪੜਚੋਲਣ ਦੀਆਂ ਜੁਗਤਾਂ ਸ਼ਾਮਿਲ ਹੋਈਆਂ ਵੇਖਦੇ ਹਾਂ। ਇਸ ਤੋਂ ਇਲਾਵਾ ਉਨ੍ਹਾਂ ਨੇ ਅੰਤਰਰਾਸ਼ਟਰੀ ਸਾਹਿਤ ਚਰਚਾ ਵਿਚ ਪ੍ਰਚਲਿਤ ਸਾਹਿਤਕ ਤੇ ਦਾਰਸ਼ਨਿਕ ਬਹਿਸ ਨੂੰ ਵੀ ਸ਼ਾਮਲ ਰੱਖਿਆ ਹੈ।

ਅਧਿਐਨ ਵਿਧੀ ਵਜੋਂ ਡਾ. ਹਰਚੰਦ ਸਿੰਘ ਬੇਦੀ ਬਹੁਤ ਸਪਸ਼ਟ ਸਨ। ਉਹ ਕਿਸੇ ਵੀ ਵਿਧੀ ਨੂੰ ਲਕੀਰ ਦੇ ਫ਼ਕੀਰ ਵਾਂਗ ਲਾਗੂ ਕਰਨ ਦੇ ਕਦੇ ਵੀ ਹਾਮੀ ਨਹੀਂ ਹੋਏ, ਬਲਕਿ ਉਹ ਅੰਤਰ ਪਾਠ ਅਧਿਐਨ ਵਿਧੀ ਰਾਹੀਂ ਹਰੇਕ ਰਚਨਾ ਦੀ ਵਿਲੱਖਣ ਆਲੋਚਨਾ ਕਰਨ ਸਬੰਧੀ ਮੁਤਮਈਨ ਸਨ। ਉਹ ਆਪਣੇ ਵਿਦਿਆਰਥੀਆਂ ਨੂੰ ਵੀ ਇਹੀ ਸਿਖਾਉਂਦੇ ਸਨ। ਕਿਸੇ ਵਿਚਾਰਧਾਰਾ ਦਾ ਪਿਛਲੱਗ ਬਣਨ ਨਾਲੋਂ ਆਪਣੀ ਨਿੱਜੀ ਵਿਚਾਰਧਾਰਾ ਦਾ ਉਥਾਨ ਕਰਨਾ ਚਾਹੀਦਾ ਹੈ ਅਤੇ ਨਿੱਜੀ ਵਿਚਾਰਧਾਰਾ ਦਾ ਉਥਾਨ ਤਾਂ ਹੀ ਹੋ ਸਕਦਾ ਹੈ, ਜੇ ਸਾਨੂੰ ਬਾਕੀ ਵਿਚਾਰਧਾਰਾਵਾਂ ਸਬੰਧੀ ਡੂੰਘੀ ਜਾਣਕਾਰੀ ਹੋਵੇ, ਪਰ ਦਾਰਸ਼ਨਿਕ ਪੱਧਰ ‘ਤੇ ਅਸੀਂ ਇੰਨੇ ਸਪੱਸ਼ਟ ਹੋਈਏ ਕਿ ਆਪਣੀ ਵੱਖਰੀ ਵਿਚਾਰਧਾਰਾ ਨੂੰ ਪਛਾਣ ਤੇ ਸਥਾਪਤ ਕਰ ਸਕਦੇ ਹੋਈਏ। ਇਸੇ ਕਰਕੇ ਉਨ੍ਹਾਂ ਨੇ ਪਰਵਾਸੀ ਪੰਜਾਬੀ ਸਾਹਿਤ ਅਧਿਐਨ ਲਈ ਖੋਜ ਅਧਿਐਨ ਪ੍ਰਯੋਗ ਤੇ ਵਿਹਾਰ ਨੂੰ ਅੰਗ-ਸੰਗ ਰੱਖਦਿਆਂ ਅੰਤਰ-ਪਾਠ ਅਧਿਐਨ ਵਿਧੀ ਦੀ ਚੋਣ ਕੀਤੀ।

ਪਾਠ ਤੇ ਪਾਠਕ, ਪਾਠ ਤੇ ਲੇਖਕ, ਪਾਠ ਤੇ ਆਲੋਚਕ ਅਤੇ ਪਾਠ ਤੇ ਭਾਸ਼ਾ ਦੇ ਅੰਤਰ-ਸਬੰਧਾਂ ਨੂੰ ਵਿਗਿਆਨਕ ਦ੍ਰਿਸ਼ਟੀ ਬਿੰਦੂ ਤੋਂ ਵਿਚਾਰਦੇ ਹਨ। ਰਚਨਾ ਦੇ ਪੂਰਬ ਪਾਠ ਸਾਹਿਤ ਪਾਠ ਤੇ ਉੱਤਰ ਪਾਠ ਦੀ ਚਰਚਾ ਕਰਦੇ ਹਨ। ਪਾਠਾਤਮਕ ਅਧਿਐਨ ਵਿਧੀ ਵਿਚ ਡੂੰਘਾ ਉਤਰਦਿਆਂ ਜਿਨੋਟੈਕਸਟ (ਘਣੋਟਣਣਟ) ਅਤੇ ਫਿਨੋਟੈਕਸਟ (ਫਹਣੋਟਣਣਟ) ਵਿੱਚ ਵੰਡ ਕਰਕੇ ਜਿਨੋਟੈਕਸਟ ਨੂੰ ਪਿਆਜ਼ ਦੇ ਛਿਲਕਿਆਂ ਦੀ ਪਰਤ-ਦਰ-ਪਰਤ ਸੰਰਚਨਾ ਵਜੋਂ ਪ੍ਰਸਤੁਤ ਕਰਦੇ ਹਨ। ਇਸ ਵਿਧੀ ਨਾਲ ਮਾਰਕਸਵਾਦੀ ਆਲੋਚਨਾ ਦੁਆਰਾ ਸਥਾਪਿਤ ਪ੍ਰਸੰਗ ਤੋਂ ਪਾਠ ਵੱਲ ਦੀ ਯਾਤਰਾ ਦਾ ਵਹਾਅ ਰੁਕ ਗਿਆ ਅਤੇ ਪਾਠ ਤੋਂ ਪ੍ਰਸੰਗ ਵੱਲ ਦੀ ਯਾਤਰਾ ਆਰੰਭ ਹੋਈ। ਭਾਵੇਂ ਕਿ ਪਾਠਗਤ ਅਧਿਐਨ ਵਿਧੀ ਦੀ ਵਰਤੋਂ ਹੋਰ ਵੀ ਆਲੋਚਕਾਂ ਦੁਆਰਾ ਕੀਤੀ ਗਈ ਹੈ, ਪਰ ਜਿਨ੍ਹਾਂ ਨਿੱਠ ਕੇ ਇਸ ਦੇ ਸਿਧਾਂਤਕ ਪਹਿਲੂਆਂ ਨੂੰ ਸਪੱਸ਼ਟ ਕਰਨ ਦਾ ਕਾਰਜ ਡਾ. ਹਰਚੰਦ ਸਿੰਘ ਬੇਦੀ ਨੇ ਕੀਤਾ ਹੈ, ਓਨਾ ਹੋਰ ਕਿਸੇ ਵੱਲੋਂ ਨਹੀਂ ਕੀਤਾ ਗਿਆ।

ਲੰਘੀ 5 ਜੂਨ ਨੂੰ ਉਨ੍ਹਾਂ ਦੀ ਬਰਸੀ ਸੀ। ਉਨ੍ਹਾਂ ਨੂੰ ਅਕੀਦਤ ਭੇਟ ਕਰਦਿਆਂ ਮੈਨੂੰ ਮਾਣ ਮਹਿਸੂਸ ਹੋ ਰਿਹਾ ਹੈ ਕਿ ਉਨ੍ਹਾਂ ਨੇ ਜਿੱਧਰ ਸਾਡਾ ਮੁਹਾਣ ਮੋੜਿਆ ਸੀ, ਅਸੀਂ ਉਸੇ ਦਿਸ਼ਾ ਵਿੱਚ ਲਗਾਤਾਰ ਗਾਮਜ਼ਨ ਹਾਂ ਅਤੇ ਉਨ੍ਹਾਂ ਵੱਲੋਂ ਦਰਸਾਏ ਰਸਤੇ ਉੱਪਰ ਚਲਦਿਆਂ ਸਦਾ ਕਾਰਜਸ਼ੀਲ ਰਹਿਣ ਦੀ ਕੋਸ਼ਿਸ਼ ਕਰਦੇ ਰਹਾਂਗੇ।

## ਦਰਬਾਰ ਸਾਹਿਬ ਉਤੇ ਫੌਜੀ ਹਮਲੇ ਦੀ ਯੋਜਨਾ

ਇਸ ਤੋਂ ਇਲਾਵਾ ਬਿਜਲੀ-ਪਾਣੀ ਬੰਦ ਕਰਕੇ ਸੰਤ ਭਿੰਡਰਾਂਵਾਲਿਆਂ ਅਤੇ ਨਾਲ ਦੇ ਸਿੰਘਾਂ ਨੂੰ ਬਾਹਰ ਆਉਣ ਲਈ ਮਜ਼ਬੂਰ ਕੀਤਾ ਜਾ ਸਕਦਾ ਸੀ। ਇਥੇ ਹੀ ਬੱਸ ਨਹੀਂ ਸਰਕਾਰ ਨੇ ਗੋਲੀਬਾਰੀ ਅਤੇ ਬੰਬਬਾਰੀ ਵਿਚ ਪਹਿਲ ਕਦਮੀ ਕਰਕੇ ਹਜ਼ਾਰਾਂ ਨਿਰਦੋਸ਼ ਸਿੱਖਾਂ ਨੂੰ ਸ਼ਹੀਦ ਕੀਤਾ ਤੇ ਬੱਚਿਆਂ ਨੂੰ ਵੀ ਨਹੀਂ ਬਖਸ਼ਿਆ।

‘ਗਾਰਡੀਆਨ’, 14 ਜੂਨ 1984

ਕੇਂਦਰ ਸਰਕਾਰ ਨੇ ਪੰਜਾਬ ਦੇ ਲੋਕਾਂ ‘ਚ ਦਹਿਸ਼ਤ ਦਾ ਮਾਹੌਲ ਸਿਰਜਣ ਲਈ ਕਰਫਿਊ ਲਾ ਦਿੱਤਾ, ਫਿਰ ਹੋਰ ਬਹੁਤ ਸਾਰੇ ਗੁਰਦੁਆਰਿਆਂ ‘ਤੇ ਉਸੇ ਦਿਨ ਹਮਲਾ ਕੀਤਾ ਗਿਆ, ਜਦੋਂ ਕਿ ਉਨ੍ਹਾਂ ਵਿਚ ਨਾ ਤਾਂ ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲੇ ਅਤੇ ਨਾ ਹੀ ਕੋਈ ਹਥਿਆਰਬੰਦ ਵਿਅਕਤੀ ਰਹਿ ਰਿਹਾ ਸੀ। ਫੌਜੀ ਕਾਰਵਾਈ ਦੌਰਾਨ ਜਦੋਂ ਸੰਤ ਭਿੰਡਰਾਂਵਾਲੇ ਅਤੇ ਉਨ੍ਹਾਂ ਦੇ ਸਾਥੀ ਸ਼ਹੀਦੀ ਪ੍ਰਾਪਤ ਕਰ ਗਏ ਸਨ, ਫਿਰ ਫੌਜ ਵੱਲੋਂ ਤੋਸ਼ਾਖਾਨਾ ਅਤੇ ਲਾਇਬਰੇਰੀ ਨੂੰ ਕਿਉਂ ਸਾੜਿਆ ਗਿਆ? ਕਿਉਂਕਿ ਉਸ ਵਿੱਚ ਸਿੱਖਾਂ ਦੇ ਅਹਿਮ ਦਸਤਾਵੇਜ਼ ਤੇ ਬੇਮੁੱਲਾ ਖ਼ਜਾਨਾ ਪਿਆ ਸੀ। ਦੁਨੀਆਂ ਵਿੱਚੋਂ ਕੋਈ ਅਜਿਹੀ ਮਿਸਾਲ ਨਹੀਂ ਮਿਲਦੀ, ਜਿਸ ਵਿੱਚ ਸਰਕਾਰ ਨੇ ਆਪਣੇ ਹੀ ਨਾਗਰਿਕਾਂ ਉਤੇ ਇੰਨਾ ਜ਼ੁਲਮ ਕੀਤਾ ਹੋਵੇ। ਉਕਤ ਫੌਜੀ ਕਾਰਵਾਈ ਬਾਰੇ ਪੜ੍ਹ ਕੇ ਹੈਰਾਨੀ ਹੁੰਦੀ ਹੈ ਕਿ ਸਰਕਾਰ ਨੇ ਕਿਸ ਤਰ੍ਹਾਂ ਮਨੁੱਖੀ ਅਧਿਕਾਰਾਂ ਦਾ ਘਾਣ ਕੀਤਾ ਹੈ। ਉਸ ਸਮੇਂ ਦੇ ਇੱਕ ਫੌਜੀ ਡਾਕਟਰ ਨੇ ਦੱਸਿਆ ਸੀ ਕਿ ਜਦੋਂ ਉਨ੍ਹਾਂ ਕੋਲ ਸਿੱਖਾਂ ਦੀਆਂ ਲਾਸ਼ਾਂ ਪੋਸਟਮਾਰਟਮ ਲਈ ਲਿਆਂਦੀਆਂ ਗਈਆਂ ਤਾਂ ਉਨ੍ਹਾਂ ਦੇ ਹੱਥ ਉਨ੍ਹਾਂ ਦੀਆਂ ਪੱਗਾਂ ਨਾਲ ਪਿੱਛੇ ਬੰਨ੍ਹੇ ਹੋਏ ਸਨ ਤੇ ਉਨ੍ਹਾਂ ਦੇ ਸਿਰਾਂ ਵਿੱਚ ਬਹੁਤ ਨੇੜੇ ਤੋਂ ਗੋਲੀ ਮਾਰੀ ਗਈ ਸੀ, ਜਿਨ੍ਹਾਂ ‘ਚ ਵੱਡੀ ਗਿਣਤੀ ਮਰਦ, ਔਰਤਾਂ ਅਤੇ ਬੱਚਿਆਂ ਦੀ ਸੀ।

## ਇਤਿਹਾਸ ਨਜ਼ਰਅੰਦਾਜ਼

# ਲਾਸਾਨੀ ਸ਼ਹਾਦਤਾਂ ਦੇਣ ਵਾਲੇ ਵਿਸਾਰੇ

**ਡਾ. ਭੁਪਿੰਦਰ ਸਿੰਘ**
**ਸਾਬਕਾ ਪ੍ਰੋਫੈਸਰ, ਖਾਲਸਾ ਕਾਲਜ, ਨਵੀਂ ਦਿੱਲੀ।**

ਦਿੱਲੀ ਯੂਨੀਵਰਸਿਟੀ ਵਲੋਂ ਬੀ.ਏ. ਪੁਲੀਟੀਕਲ ਸਾਇੰਸ ਵਿਸ਼ੇ ਦੇ ਪੰਜਵੇਂ ਸਮੈਸਟਰ ਕੋਰਸ ਵਿੱਚ ਹੁਣ ਮਹਾਤਮਾ ਗਾਂਧੀ ਤੋਂ ਵੀ ਪਹਿਲਾਂ ਵੀਰ ਸਾਵਰਕਰ ਉਤੇ ਪੂਰਾ ਚੈਪਟਰ ਤੇ ਪੇਪਰ ਪੜ੍ਹਾਇਆ ਜਾਵੇਗਾ। ਮਹਾਤਮਾ ਗਾਂਧੀ ਨੂੰ ਬਾਅਦ ਵਾਲੇ ਸਮੈਸਟਰ ਵਿੱਚ ਪੜ੍ਹਾਇਆ ਜਾਵੇਗਾ।

ਦਿੱਲੀ ਯੂਨੀਵਰਸਿਟੀ ਵਲੋਂ ਗ੍ਰੈਜੂਏਸ਼ਨ ਦੇ ਨਾਲ ਨਾਲ ਪੋਸਟ ਗ੍ਰੈਜੂਏਸ਼ਨ ਤਿੰਨ ਤੇ ਚਾਰ ਸਾਲ ਵਾਲੀ ਹੋ ਗਈ ਹੈ। ਜੇ ਕਿਸੇ ਵਿਦਿਆਰਥੀ ਨੇ ਤਿੰਨ ਸਾਲਾਂ ਵਾਲੀ ਬੀ.ਏ. ਗ੍ਰੈਜੂਏਸ਼ਨ ਪੁਲੀਟੀਕਲ ਸਾਇੰਸ ਵਿੱਚ ਕਰਨ ਲਈ ਚੁਣ ਲਈ ਤਾਂ ਉਸਨੂੰ ਮਹਾਤਮਾ ਗਾਂਧੀ ਨਹੀਂ ਪੜ੍ਹਾਇਆ ਜਾਵੇਗਾ, ਕਿਉਂਕਿ ਹੁਣ ਉਸ ਨੂੰ ਸੱਤਵੇਂ ਸਮੈਸਟਰ ਤੱਕ ਸਰਕਾਉਣ ਕਾਰਨ ਚਾਰ ਸਾਲ ਵਾਲੀ ਪੋਸਟ ਗ੍ਰੈਜੂਏਸ਼ਨ ਚੁਣਨ ਵਾਲੇ ਵਿਦਿਆਰਥੀ ਹੀ ਪੜ੍ਹ ਸਕਣਗੇ।

ਵੀਰ ਸਾਵਰਕਰ ਇਕ ਹਿੰਦੂਵਾਦੀ ਆਗੂ ਸੀ, ਜਿਸ ਉਤੇ ਇਲਜ਼ਾਮ ਲੱਗਦੇ ਹਨ ਕਿ ਅੰਗਰੇਜ਼ ਹਕੂਮਤ ਵਲੋਂ ਉਸਨੂੰ ਅੰਡੇਮਾਨ ਦੇ ਕਾਲੇਪਾਣੀ ਵਿੱਚ ਕੈਦ ਕੀਤਾ ਗਿਆ ਸੀ, ਜਿਥੋਂ ਆਪਣੀ ਰਿਹਾਈ ਲਈ ਉਸਨੇ ਅੰਗਰੇਜ਼ੀ ਹਕੂਮਤ ਪ੍ਰਤੀ ਵਫਾਦਾਰੀ ਨਿਭਾਉਣ ਦੇ ਵਚਨ ਕਰਦਿਆਂ ਲਿਖਤੀ ਮੁਆਫੀਆਂ ਮੰਗੀਆਂ ਸਨ। ਇਸੇ ਕਾਰਨ ਹੀ ਉਸਨੂੰ ਅੰਡੇਮਾਨ ਦੇ ਕਾਲੇਪਾਣੀ ਦੀ ਜੇਲ੍ਹ ਤੋਂ ਰਿਹਾਅ ਕੀਤਾ ਗਿਆ ਸੀ। ਪਹਿਲਾਂ ਦੇਸ਼ ਦੇ ਅਨੇਕਾਂ ਆਗੂਆਂ ਨੇ ਮੁਆਫ਼ੀ ਮੰਗਣ ਵਾਲੀ ਇਸ ਗੱਲ ਤੋਂ ਇਨਕਾਰ ਕੀਤਾ ਸੀ। ਫਿਰ ਮੀਡੀਆ ਵਿੱਚ ਉਸ ਮੁਆਫ਼ੀ ਵਾਲੇ ਪੱਤਰ ਸਾਹਮਣੇ ਆਏ। ਦੇਸ਼ ਦੇ ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਵੀ ਕਿਹਾ ਹੈ ਕਿ ਵੀਰ ਸਾਵਰਕਰ ਨੇ ਮਹਾਤਮਾ ਗਾਂਧੀ ਦੇ ਕਹਿਣ ਉਤੇ ਅੰਗਰੇਜ਼ੀ ਹਕੂਮਤ ਕੋਲੋਂ ਮਾਫ਼ੀਆਂ ਮੰਗੀਆਂ ਸਨ। ਉਨ੍ਹਾਂ ਦਾ ਇਹ ਬਿਆਨ ਗੂਗਲ ਉਤੋਂ ਵੇਖਿਆ ਜਾ ਸਕਦਾ ਹੈ।

ਹੁਣ ਸਵਾਲ ਇਹ ਹੈ ਕਿ ਭਾਰਤ ਦੀ ਆਜ਼ਾਦੀ ਦੀ ਲਹਿਰ ਵਿੱਚ ਸਿੱਖਾਂ ਨੇ ਸਭ ਤੋਂ ਵੱਧ ਹਿੱਸਾ ਪਾਇਆ ਸੀ, ਉਸਦਾ ਜ਼ਿਕਰ ਕਿਥੇ ਹੈ? ਉਹ ਯੋਗਦਾਨ ਹਿੰਸਕ ਵੀ ਸੀ ਤੇ ਅਹਿੰਸਕ ਵੀ। ਜਿਥੇ ਨਾਮਧਾਰੀਆਂ ਨੇ ਅਹਿੰਸਕ ਹੋ ਕੇ ਅੰਗਰੇਜ਼ਾਂ ਦੀਆਂ ਤੋਪਾਂ ਅੱਗੇ ਖੜ੍ਹ ਕੇ ਸ਼ਹੀਦੀਆਂ ਦਿਤੀਆਂ, ਉਥੇ ਗੁਰੂ ਦੇ ਸਿੱਖਾਂ ਨੇ ਵੀ ਆਪਣੇ ਹੱਥ ਬੰਨ੍ਹ ਕੇ ਮੋਰਚਿਆਂ ਦੌਰਾਨ ਅੰਗਰੇਜ਼ੀ ਹਕੂਮਤ ਦੀ ਪੁਲਿਸ ਦੇ ਸਖ਼ਤ ਲਾਠੀਚਾਰਜ਼ ਤੇ ਵਰ੍ਹਦੀਆਂ ਗੋਲੀਆਂ ਦਾ ਸਾਹਮਣਾ ਕਰਦਿਆਂ ਸੀਅ ਤੱਕ ਨਹੀਂ ਸੀ ਕੀਤੀ। ਕਈ ਕਈ ਸਾਲ ਜੇਲ੍ਹਾਂ ਦੀਆਂ ਕਾਲ ਕੋਠੜੀਆਂ ਵਿੱਚ ਰਹਿ ਕੇ ਜਵਾਨੀਆਂ ਗਾਲ਼ ਦਿੱਤੀਆਂ ਤੇ ਅਨੇਕਾਂ ਗੁੰਮਨਾਮ ਤਾਂ ਜੇਲ੍ਹਾਂ ਵਿੱਚ ਹੀ ਸਖ਼ਤੀਆਂ ਦਾ ਸਾਹਮਣਾ ਕਰਦੇ ਹੋਏ ਜਾਨਾਂ ਵਾਰ ਗਏ।

ਸਿੱਖਾਂ ਨੇ ਬੱਬਰ ਲਹਿਰ, ਕ੍ਰਾਂਤੀਕਾਰੀ ਆਦਿ ਵਰਗੀਆਂ ਹਿੰਸਕ ਸਰਗਰਮੀਆਂ ਵਿੱਚ ਹਿੱਸਾ ਲੈਂਦਿਆਂ ਦੇਸ਼ ਭਰ ਅਤੇ ਵਿਦੇਸ਼ਾਂ ਦੀਆਂ ਜੇਲ੍ਹਾਂ ਤੋਂ ਇਲਾਵਾ ਦੀਨ ਦੁਨੀਆਂ ਤੋਂ ਕੱਟੇ ਹੋਏ ਤੇ ਪੰਜਾਬ ਤੋਂ 2874 ਕਿਲੋਮੀਟਰ ਦੂਰ ਅੰਡੇਮਾਨ ਟਾਪੂ ਦੀ ਕਾਲੇਪਾਣੀ ਜੇਲ੍ਹ ਵਿੱਚ ਸਖ਼ਤ ਕੈਦਾਂ ਕੱਟਦਿਆਂ ਸ਼ਹੀਦੀਆਂ ਪਾਈਆਂ; ਉਮਰਾਂ ਤੱਕ ਗਾਲ਼ ਦਿਤੀਆਂ ਪਰ ਕਿਸੇ ਇਕ ਨੇ ਵੀ ਰਿਹਾਈ ਲਈ ਅੰਗਰੇਜ਼ੀ ਹਕੂਮਤ ਕੋਲੋਂ ਮੁਆਫੀ ਨਹੀਂ ਮੰਗੀ ਸੀ।

ਜਿਥੇ ਸ਼ਹੀਦ ਭਗਤ ਸਿੰਘ ਨੇ ਕਾਣੀ-ਬੋਲ਼ੀ ਅੰਗਰੇਜ਼ੀ ਹਕੂਮਤ ਨੂੰ ਜਗਾਉਣ ਲਈ ਦਿੱਲੀ ਅਸੈਂਬਲੀ ਵਿੱਚ ਬੰਬ ਮਾਰਿਆ, ਉਥੇ ਊਧਮ ਸਿੰਘ ਸੁਨਾਮ ਨੇ ਜੱਲ੍ਹਿਆਂਵਾਲੇ ਬਾਗ ਕਾਂਡ ਦਾ ਲੰਦਨ ਵਿੱਚ ਜਾ ਕੇ ਜਨਰਲ ਡਾਇਰ ਨੂੰ ਗੋਲੀਆਂ ਮਾਰ ਕੇ ਬਦਲਾ ਲਿਆ ਸੀ।

ਹਜ਼ਾਰਾਂ ਸਿੱਖਾਂ ਨੇ ਦੇਸ਼ ਦੀ ਆਜ਼ਾਦੀ ਲਈ ਆਪਣੀਆਂ ਜਾਨਾਂ ਵਾਰੀਆਂ, ਪਰ ਇਤਿਹਾਸ ਦੇ ਵਰਕਿਆਂ ਤੋਂ ਗੁੰਮਨਾਮ ਕਰ ਦਿੱਤੇ ਗਏ। ਆਜ਼ਾਦ ਹਿੰਦ ਫ਼ੌਜ ਵਿੱਚ ਸਭ ਤੋਂ ਵੱਧ ਗਿਣਤੀ ਸਿੱਖਾਂ ਦੀ ਸੀ। ਸਭ ਤੋਂ ਵੱਧ ਉਮਰ ਕੈਦਾਂ ਕੱਟਣ ਵਾਲੇ ਤੇ ਫਾਂਸੀਆਂ ਦੇ ਰੱਸੇ ਚੁੰਮਣ ਵਾਲੇ ਸਿੱਖ ਦੇਸ਼ ਦੀ ਆਜ਼ਾਦੀ ਦੇ ਇਤਿਹਾਸ ਤੋਂ ਗ਼ਾਇਬ ਹਨ। ਉਦੋਂ ਵਿਦੇਸ਼ਾਂ ਵਿੱਚ ਸੁਖਮਈ ਜ਼ਿੰਦਗੀ ਗੁਜ਼ਾਰਦੇ ਸਿੱਖਾਂ ਨੇ ਭਾਰਤ ਦੀ ਆਜ਼ਾਦੀ ਲਈ ਆਪਣੇ ਖੁਸ਼ਹਾਲ ਜੀਵਨ ਨੂੰ ਤਿਲਾਂਜਲੀ ਦਿੰਦਿਆਂ ਗ਼ਦਰ ਲਹਿਰ ਚਲਾਈ। ਅੱਜ ਇਹ ਸਾਰੇ ਸੁਤੰਤਰਤਾ ਸੈਨਾਨੀ ਤੇ ਗ਼ਦਰੀ ਬਾਬੇ ਸਕੂਲਾਂ-ਕਾਲਜਾਂ ਦੇ ਕੋਰਸਾਂ ਵਿੱਚੋਂ ਗ਼ਾਇਬ ਹਨ।

ਹੁਣ ਭਾਰਤ ਦੇਸ਼ ਦੀ ਆਜ਼ਾਦੀ ਲਈ ਲਾਸਾਨੀ ਸ਼ਹਾਦਤਾਂ ਦੇਣ ਵਾਲੇ ਸਿੱਖਾਂ ਦੀਆਂ ਸਮੂਹ ਕੁਰਬਾਨੀਆਂ ਨੂੰ ਵੀ ਸਕੂਲਾਂ-ਕਾਲਜਾਂ ਦੇ ਕੋਰਸਾਂ ਵਿੱਚ ਕੌਣ ਸ਼ਾਮਿਲ ਕਰਵਾਏਗਾ?

**ਜ਼ਰਾ ਸੋਚੋ !**

**ਸ਼ਬਦੋ ਵਣਜਾਰਿਓ**

# ‘ਕਟੜਾ’ ਦਾ ਵਿਕਾਸ-ਵਿਗਾਸ

**ਪਰਮਜੀਤ ਢੀਂਗਰਾ**
**ਫੋਨ: +91-94173-58120**



ਲੰਮੇ ਸਮੇਂ ਤੋਂ ਮਨੁੱਖ ਨੇ ਰਹਿਣ ਲਈ ਵਿਭਿੰਨ ਵਸੇਬਿਆਂ ਦਾ ਨਿਰਮਾਣ ਕੀਤਾ ਅਤੇ ਲੋੜ ਅਨੁਸਾਰ ਇਨ੍ਹਾਂ ਦੀ ਵਰਤੋਂ ਵਿਭਿੰਨ ਕਾਰਜਾਂ ਤੇ ਤਿਜਾਰਤੀ ਕੇਂਦਰਾਂ ਵਜੋਂ ਕੀਤੀ। ਇਨ੍ਹਾਂ ਵਿੱਚ ਇਕ ਸ਼ਬਦ ਹੈ- ਕੱਟੜਾ। ਪੰਜਾਬੀ ਕੋਸ਼ਾਂ ਅਨੁਸਾਰ ਕਟੜਾ- ਕਟਹਿਰਾ, ਮੁਹੱਲਾ। ਮਹਾਨ ਕੋਸ਼ ਅਨੁਸਾਰ ਕਟਰਾ, ਸੰ.- ਕ੍ਰੀਤਾਲਯ, ਵਪਾਰ ਦਾ ਕੂਚਾ, ਸੌਦੇ ਦਾ ਬਜ਼ਾਰ, ਕਟੜਾ, ਕਟਹਿਰਾ, ਜੰਗਲਾ। ਨਵੇਂ ਮਹਾਨ ਕੋਸ਼ ਵਿੱਚ ਇਨ੍ਹਾਂ ਅਰਥਾਂ ਦੇ ਨਾਲ-ਨਾਲ ਮੱਝਾਂ ਦਾ ਵਾੜਾ ਅਰਥ ਵੀ ਕੀਤਾ ਗਿਆ ਹੈ। ਕ੍ਰੀਤਾਲਯ- ਕ੍ਰੀ=ਖਰੀਦਣਾ, ਮੁੱਲ ਲੈਣਾ+ਤਾਲਯ= ਮਾਰਗ, ਸੜਕ। ਵਸੇਬਿਆਂ ਦੀ ਲੜੀ ਵਿੱਚ ਕਟੜੇ ਦਾ ਸਥਾਨ ਖਾਸ ਹੈ। ਏਸੇ ਤੋਂ ਜੰਮੂ ਕਸ਼ਮੀਰ ਦੀ ਰਿਆਸਤ ਦੇ ਪ੍ਰਸਿੱਧ ਸ਼ਹਿਰ ਦਾ ਨਾਂ ਕਟੜਾ ਪਿਆ ਹੈ। ਭਾਰਤੀ ਭਾਸ਼ਾਵਾਂ ’ਚ ਇਹਦੇ ਲਈ ਕਟਰਾ ਸ਼ਬਦ ਵੀ ਪ੍ਰਚਲਿਤ ਹੈ।

ਬਹੁਤ ਸਾਰੇ ਸ਼ਹਿਰਾਂ ਵਿੱਚ ਇਸ ਤਰ੍ਹਾਂ ਦੀਆਂ ਅਬਾਦੀਆਂ ਮਿਲ ਜਾਂਦੀਆਂ ਹਨ, ਜਿਨ੍ਹਾਂ ਨਾਲ ਕਟੜਾ ਲਗਦਾ ਹੈ, ਜਿਵੇਂ ਅੰਮ੍ਰਿਤਸਰ ਵਿੱਚ ਅਨੇਕਾਂ ਕਟੜੇ ਹਨ- ਕਟੜਾ ਆਹਲੂਵਾਲੀਆ, ਕਟੜਾ ਸਫੈਦ, ਕਟੜਾ ਜੈਮਲ ਸਿੰਘ, ਕਟੜਾ ਭੰਗੀਆਂ, ਕਟੜਾ ਕਨੱਹੀਆ, ਕਟੜਾ ਪਰਜਾਪਤ, ਕਟੜਾ ਸ਼ੇਰ ਸਿੰਘ। ਇਹ ਕਟੜੇ ਸਿੱਖ ਰਾਜਿਆਂ ਨੇ ਬਣਵਾਏ ਸਨ। ਪੁਰਾਣੀ ਦਿੱਲੀ ਵਿੱਚ ਕਟੜਾ ਅਸ਼ਰਫੀ, ਕਟੜਾ ਨੀਲ, ਕਟੜਾ ਚਾਂਦਨੀ ਤੇ ਹੋਰ ਕਈ ਕਟੜੇ ਮਸ਼ਹੂਰ ਹਨ।

ਹਿੰਦੀ, ਉਰਦੂ ਦੇ ਪ੍ਰਸਿਧ ਨਾਵਲਕਾਰ ਡਾ. ਰਾਹੀ ਮਸੂਮ ਰਜ਼ਾ ਦਾ ਐਮਰਜੈਂਸੀ ’ਤੇ ਲਿਖਿਆ ਪ੍ਰਸਿਧ ਨਾਵਲ ‘ਕਟਰਾ ਬੀ ਆਰਜ਼ੂ’ ਹੈ, ਜਿਸਨੂੰ ਲੰਮੇ ਸਮੇਂ ਤੱਕ ਜਬਤ ਕੀਤਾ ਗਿਆ ਸੀ। ਕਟੜਾ/ ਕਟਰਾ ਸ਼ਬਦ ਬਣਿਆ ਹੈ ਸੰਸਕ੍ਰਿਤ ਦੇ ‘ਕਰਵਟ’ ਤੋਂ, ਜਿਸਦਾ ਅਰਥ ਹੈ- ਖਰੀਦਦਾਰੀ ਕਰਨ ਦੀ ਥਾਂ, ਤਿਜਾਰਤੀ ਕੇਂਦਰ, ਮੰਡੀ ਅਥਵਾ ਛੋਟਾ ਰਿਹਾਇਸ਼ੀ ਇਲਾਕਾ। ਸੰਸਕ੍ਰਿਤ ਵਿੱਚ ‘ਕੁਟ੍’ ਵਰਗੀਆਂ ਧਾਤੂਆਂ, ਜੋ ਆਸਰੇ ਨਾਲ ਜੁੜੀਆਂ ਹੋਈਆਂ ਹਨ, ਤੋਂ ਕਈ ਸ਼ਬਦ ਬਣੇ ਹਨ, ਜਿਵੇਂ- ਕੁਟੀਰ, ਕੁਟੀਆ, ਕੋਟ, ਕੋਟਰਮ, ਕੋਟਰ ਆਦਿ। ਕੁਟ੍ (ਕੁਟੀ) ਅਥਵਾ ਕੁਟੀਆ ਦਾ ਨਿਰਮਾਣ ਦਰੱਖਤਾਂ ਦੀਆਂ ਟਹਿਣੀਆਂ ਮੋੜ ਕੇ ਝੁਕੇ ਹੋਏ ਛੱਪਰ ਦੇ ਰੂਪ ਵਿੱਚ ਕੀਤਾ ਜਾਂਦਾ ਹੈ। ਇਸ ਤਰ੍ਹਾਂ ਕੁਟ੍ ਤੋਂ ਬਣੇ ‘ਕੁਟ’ ਸ਼ਬਦ




ਵਿੱਚ ਛੱਪਰ, ਪਹਾੜ, ਗੁਫ਼ਾ ਵਰਗੇ ਅਰਥ ਸ਼ਾਮਲ ਹੋ ਗਏ। ਮੂਲ ਅਰਥ ਆਸਰਾ ਹੀ ਰਿਹਾ। ਇਹਦੇ ਨਾਲ ਜੁੜੇ ਸ਼ਬਦ ਕੁਟੀਰ, ਕੁਟੀਆ, ਕੁਟਰਮ ਪ੍ਰਚਲਿਤ ਹੋ ਗਏ। ਇਹਦਾ ਸਜਾਤੀ ਸ਼ਬਦ ਕੋਟਰ: ਕੋਟਰਜ਼ ਹੈ, ਜਿਸਦਾ ਅਰਥ ਹੈ- ਦਰਖਤ ਦੀ ਖੋੜ, ਦਰੱਖਤ ਦਾ ਖੋਖਲਾ ਹਿੱਸਾ, ਖੁੱਡਾ। ਕਿਲ੍ਹੇ ਅਥਵਾ ਦੁਰਗ ਲਈ ਕੋਟ: ਸ਼ਬਦ ਪ੍ਰਚਲਿਤ ਹੈ।

ਸੰਸਕ੍ਰਿਤ ਕੋਟ: ਕੋਟ੍ਟਹ੍ ਦਾ ਅਰਥ ਕੋਟ, ਗੜ੍ਹ, ਕਿਲ੍ਹਾ, ਦੁਰਗ ਮਹਿਲ, ਰਾਜ ਭਵਨ ਹੈ। ਏਸੇ ਤੋਂ ਕੋਟਿਪਾਲ ਅਥਵਾ ਦੁਰਗ ਰਖਿਅਕ, ਕੋਤਵਾਲ ਸ਼ਬਦ ਬਣਿਆ ਤੇ ਥਾਣੇ ਲਈ ਕੋਤਵਾਲੀ। ਪੰਜਾਬ ਵਿੱਚ ਕੋਟ ਨਾਲ ਜੁੜੇ ਕਈ ਵਸੇਬੇ ਪ੍ਰਸਿਧ ਹਨ, ਜਿਵੇਂ- ਤਾਮਕੋਟ, ਕੋਟ ਸੁਖੀਆ, ਕੋਟ ਬਾਦਲ ਖਾਨ, ਕੋਟ ਬਾੜਾ, ਕੋਟ ਧਰਮੂ, ਕੋਟ ਭਾਈ, ਕੋਟ ਭਾਰਾ, ਕੋਟ ਖਹਿਰਾ, ਕੋਟ ਸ਼ਮੀਰ, ਧੂੜਕੋਟ, ਕੋਟ ਬਾਲਾ, ਫਰੀਦਕੋਟ, ਕੋਟਕਪੂਰਾ, ਕੋਟ ਖਾਈ, ਕੋਟ ਖਾਲਸਾ, ਕੋਟ ਲੱਖਪਤ, ਕਿਲ੍ਹਾ ਕਵੀ ਸੰਤੋਖ ਸਿੰਘ, ਕਿਲ੍ਹਾ ਰਾਏਪੁਰ, ਕਿਲ੍ਹਾ ਜੀਵਨ ਸਿੰਘ ਆਦਿ। ਕਟੜਾ ਸ਼ਬਦ ਭਾਵੇਂ ਵਸੇਬੇ ਲਈ ਰੂੜ੍ਹ ਹੋ ਚੁੱਕਾ ਹੈ, ਪਰ ਕਿਸੇ ਸਮੇਂ ਇਹ ਪਹਾੜੀ ਬਸਤੀ ਲਈ ਕਰਵਟ ਦੇ ਰੂਪ ਵਿੱਚ ਪ੍ਰਚਲਿਤ ਰਿਹਾ ਹੋਵੇਗਾ।

ਪਹਾੜੀ ਦੱਰਿਆਂ ਰਾਹੀਂ ਹੀ ਦੋ ਦੇਸ਼ਾਂ ਦੀਆਂ ਸਰਹੱਦਾਂ ਤੈਅ ਹੁੰਦੀਆਂ ਸਨ। ਇਨ੍ਹਾਂ ਦੱਰਿਆਂ ਵਿੱਚ ਟੈਕਸ ਇਕੱਠਾ ਕਰਨ ਲਈ ਚੁੰਗੀਆਂ ਵੀ ਹੁੰਦੀਆਂ ਸਨ। ਵਣਜਾਰਿਆਂ ਦੇ ਕਾਫਲੇ ਏਥੇ ਮੁਕਾਮ ਕਰਦੇ ਸਨ। ਅਰਾਮ ਕਰਨ ਲਈ ਛੋਟੀਆਂ ਛੋਟੀਆਂ ਸਰਾਵਾਂ ਵੀ ਹੁੰਦੀਆਂ ਸਨ, ਜੋ ਛੋਟੇ ਛੋਟੇ ਬਾਜ਼ਾਰਾਂ ਦੇ ਰੂਪ ਵਿੱਚ ਵਿਕਸਿਤ ਹੋ ਗਈਆਂ। ਦੱਰਾ ਖ਼ੈਬਰ, ਦੱਰਾ ਪੀਰ ਪੰਜਾਲ ਉਤਰ-ਪੱਛਮ ਦੇ ਪ੍ਰਸਿਧ ਦੱਰੇ ਹਨ। ਰਾਜਸਥਾਨ ਵਿੱਚ ਦੱਰਾ ਨਾਂ ਦਾ ਇਕ ਕਸਬਾ ਵੀ ਹੈ। ਕਵੱਰਟਕ ਦਾ ਅਰਥ ਹੈ- ਪਹਾੜੀ ਢਲਾਨ। ਕਟੜਾ/ ਕਟਰਾ ਦਾ ਇਕ ਰੂਪ ਕਟ੍ਰੈੜਾ ਵੀ ਹੈ। ਫਾਜ਼ਿਲਕਾ ਜ਼ਿਲ੍ਹੇ ਵਿੱਚ ਇਸ ਨਾਂ ਦਾ ਇਕ ਪਿੰਡ ਵੀ ਹੈ।

ਕਟੜੇ ਨਾਲ ਅਕਸਰ ਬਾਜ਼ਾਰ ਸ਼ਬਦ ਜੁੜਦਾ ਹੈ। ਏਸੇ ਤਰ੍ਹਾਂ ਬਸਤੀ ਸ਼ਬਦ ਦਾ ਅਰਥ ਛੋਟੀ ਆਬਾਦੀ, ਮੁਹੱਲਾ ਜਾਂ ਰਿਹਾਇਸ਼ ਹੈ। ਯੂ.ਪੀ. ਵਿੱਚ ਬਸਤੀ ਨਾਂ ਦਾ ਇਕ ਸ਼ਹਿਰ ਵੀ ਹੈ। ਅੰਮ੍ਰਿਤਸਰ ਵਿੱਚ ਢਾਬ ਬਸਤੀ ਰਾਮ ਮਸ਼ਹੂਰ ਹੈ, ਜੋ ਨਾਂ ਵਾਚਕ ਹੈ। ਸੰਸਕ੍ਰਿਤ ਵਿੱਚ ‘ਵਸ੍’ ਵਿੱਚ ਰਹਿਣ ਦਾ ਭਾਵ ਹੈ। ਵਾਸ: ਮਕਾਨ ਦੇ ਅਰਥਾਂ ਵਿੱਚ ਨਿਵਾਸ, ਆਵਾਸ, ਪ੍ਰਵਾਸ ਵਰਗੇ ਸ਼ਬਦ ਏਸੇ ਮੂਲ ਦੇ ਹਨ। ਪਹਿਰਾਵੇ ਦੇ ਅਰਥਾਂ ਵਿੱਚ ਕੱਪੜਿਆਂ ਲਈ ਵਸਤਰ ਸ਼ਬਦ ਏਸੇ ਮੂਲ ਦਾ ਹੈ। ਵਸ੍ ਭਾਵ ਜਿਸ ਵਿੱਚ ਵਾਸ ਕੀਤਾ ਜਾਵੇ। ਜਿਸ ਖੋਲ ਵਿੱਚ ਕਾਇਆ ਨਿਵਾਸ ਕਰਦੀ ਹੈ, ਉਹਨੂੰ ਵਸਤਰ ਅਥਵਾ ਬਸਤਰ ਕਿਹਾ ਜਾਂਦਾ ਹੈ। ਬਿਸਤਰੇ ਦਾ ਇਕ ਭਾਵ ਵੀ ਨਿਵਾਸ ਕਰਨ ਦੇ ਅਰਥਾਂ ਵਿੱਚ ਹੈ। ਵਸ੍ ਧਾਤੂ ਦਾ ਅਰਥ ਹੈ- ਢਕਣਾ, ਰਹਿਣਾ, ਡਟੇ ਰਹਿਣਾ। ਅੱਜ ਵੀ ਕਈ ਥਾਂਈਂ ਵਾਸ ਜਾਂ ਰਾਜਿਸਥਾਨ ਵਿੱਚ ਬਾਸਾ ਸ਼ਬਦ ਇਨ੍ਹਾਂ ਅਰਥਾਂ ਵਿੱਚ ਪ੍ਰਚਲਿਤ ਹੈ। ਵਸ੍ ਤੋਂ ਹੀ ਵਸਤੀ ਭਾਵ ਰਹਿਣ ਦੀ ਥਾਂ ਤੇ ਫਿਰ ਬਸਤੀ ਬਣਿਆ।

ਬੰਗਲਾ ਦੇਸ਼ ਦੀ ਰਾਜਧਾਨੀ ਢਾਕਾ ਵਿੱਚ ਮੁਗਲਾਂ ਨੇ ਦੋ ਕਟੜੇ ਬਣਾਏ, ਜਿਨ੍ਹਾਂ ਵਿੱਚ ਬੋਡੋ ਕੱਟੜਾ ਤੇ ਛੋਟੋ ਕਟੜਾ ਮਸ਼ਹੂਰ ਹਨ। ਪੰਜਾਬ ਵਿੱਚ ਵਸੇਬਿਆਂ ਲਈ ਕੋਟਲਾ ਸ਼ਬਦ ਵੀ ਪ੍ਰਚਲਿਤ ਹੈ। ਬਹੁਤ ਸਾਰੇ ਕੋਟਲੇ ਪ੍ਰਸਿਧ ਹਨ- ਕੋਟਲਾ ਨਿਹੰਗ, ਕੋਟਲਾ ਮੇਹਰ ਸਿੰਘ, ਮਲੇਰ ਕੋਟਲਾ। ਏਸੇ ਤਰ੍ਹਾਂ ਕੋਟਲਾ ਡੂਮ, ਕੋਟਲਾ ਸੂਰਜ ਮੱਲ ਮਸ਼ਹੂਰ ਹਨ। ਦਿੱਲੀ ਵਿੱਚ ਫਿਰੋਜ਼ ਸ਼ਾਹ ਕੋਟਲਾ ਮੈਦਾਨ ਹੈ। ਕਈ ਵਸੇਬੇ ਕੋਟਲੀ ਨਾਂ ਨਾਲ ਵੀ ਮਸ਼ਹੂਰ ਹਨ, ਜਿਵੇਂ ਕੋਟਲੀ, ਕੋਟਲੀ ਗਾਜਰਾਂ, ਕੋਟਲੀ ਮੰਕੇਰਾ, ਕੋਟਲੀ ਸੰਘਰ, ਕੋਟਲੀ ਠੱਗਾਂ ਆਦਿ। ਇਸ ਤਰ੍ਹਾਂ ਵਸੇਬਿਆਂ ਦੀ ਇਕ ਲੜੀ ਬਣਦੀ ਹੈ, ਜੋ ਮਨੁੱਖੀ ਵਿਕਾਸ ਦੇ ਨਾਲ ਨਾਲ ਵਿਗਸਦੀ ਨਜ਼ਰ ਆਉਂਦੀ ਹੈ।

---

# ਫਰਿਸ਼ਤਿਆਂ ਦੀ ਆਮਦ

**ਡਾ. ਗੁਰਤੇਜ ਸਿੰਘ**
**ਫੋਨ: +91-95173-96001**



ਮੁਸ਼ਕਿਲਾਂ ਦੇ ਦੌਰ ਅੰਦਰ ਖੁਦ ‘ਤੇ ਭਰੋਸਾ ਰੱਖਣਾ ਅਤੇ ਦਿਮਾਗ ਅੰਦਰ ਸਕਾਰਾਤਮਕਤਾ ਨੂੰ ਜਗਾਈ ਰੱਖਣ ਦੇ ਵਿਚਾਰ ਵੀ ਫ਼ਰਿਸ਼ਤੇ ਹੀ ਹੁੰਦੇ ਹਨ। ਜੇ ਤੁਸੀਂ ਕੁਝ ਚੰਗਾ ਕਰਨ ਦਾ ਜਜ਼ਬਾ ਰੱਖਦੇ ਹੋ, ਹਰ ਮੁਸ਼ਕਿਲ ਨੂੰ ਹੱਸ ਕੇ ਜਰਨ ਦੀ ਕਾਬਲੀਅਤ ਦਾ ਵਡੇਰਾ ਗੁਣ ਤੁਹਾਡੇ ਅੰਦਰ ਮੌਜੂਦ ਹੈ ਤਾਂ ਦੁਨੀਆਂ ਦੀ ਕੋਈ ਸ਼ੈਅ ਤੁਹਾਨੂੰ ਸਫ਼ਲ ਹੋਣੋਂ ਰੋਕ ਨਹੀਂ ਸਕਦੀ। ਸਾਡੀ ਨੀਅਤ ਜੇ ਪਾਕ ਹੈ ਤਾਂ ਕਾਇਨਾਤ ਵੀ ਮਦਦ ਵਾਲਾ ਹੱਥ ਸਾਡੇ ਵੱਲ ਵਧਾਉਂਦੀ ਹੈ ਅਤੇ ਹਰ ਕਦਮ ‘ਤੇ ਕੁਝ ਲੋਕ ਫ਼ਰਿਸ਼ਤਿਆਂ ਦੇ ਰੂਪ ‘ਚ ਤੁਹਾਡਾ ਹੱਥ ਪਕੜ ਕੇ ਸਫ਼ਲਤਾ ਦੇ ਦਰਵਾਜ਼ੇ ਤੱਕ ਪਹੁੰਚਾਉਂਦੇ ਹਨ। ਆਰਥਿਕ ਮੰਦਹਾਲੀ ਕਾਰਨ ਆਪਣੀ ਪੜ੍ਹਾਈ ‘ਚ ਹਰ ਸੰਭਵ ਮਦਦ ਲਈ ਆਪਣਾ ਪ੍ਰਸਤਾਵ ਹਰ ਕਿਸੇ ਅੱਗੇ ਰੱਖ ਕੇ ਮਜ਼ਾਕ ਦਾ ਪਾਤਰ ਬਣਨ ਦੇ ਨਾਲ, ਪਰ ਉਨ੍ਹਾਂ ਵਿੱਚੋਂ ਕੁਝ ਲੋਕ ਮੇਰੇ ਸੰਘਰਸ਼ ਦੌਰਾਨ ਫਰਿਸ਼ਤੇ ਬਣ ਬਹੁੜੇ। ਇੱਕ ਖੇਤ ਮਜ਼ਦੂਰ, ਜੋ ਚਾਹੇ ਆਪ ਅੱਖਰੋਂ ਕੋਰਾ ਸੀ, ਪਰ ਇਸ ਗੱਲ ਪ੍ਰਤੀ ਪੂਰੀ ਤਰ੍ਹਾਂ ਸੁਚੇਤ ਸੀ ਕਿ ਮੇਰੇ ਬੱਚੇ ਮੇਰੇ ਵਾਂਗ ਅਨਪੜ੍ਹ ਨਾ ਰਹਿਣ, ਸਗੋਂ ਪੜ੍ਹ-ਲਿਖ ਕੇ ਵਧੀਆ ਇਨਸਾਨ ਬਣਨ, ਦੇ ਘਰ ਪੈਦਾ ਹੋ ਕੇ ਸਰਕਾਰੀ ਸਕੂਲ ‘ਚ ਪੜ੍ਹ ਕੇ ਵਾਰਡ ਬੁਆਏ ਤੋਂ ਡਾਕਟਰ ਬਣਨ ਦੇ ਕਾਰਜ ਦੀ ਕਹਾਣੀ ਬੜੀ ਦਿਲਚਸਪ ਹੈ।

ਅੱਠਵੀਂ ਜਮਾਤ ‘ਚ ਪੜ੍ਹਦਿਆਂ ਮੇਰੇ ਪਿੰਡ ਦੇ ਇੱਕ ਅਣਅਧਿਕਾਰਿਤ ਡਾਕਟਰ ਨੇ ਮੇਰੀ ਦਾਦੀ ਨਾਲ ਦੁਰਵਿਹਾਰ ਕੀਤਾ। ਮੈਂ ਇਹ ਦ੍ਰਿੜ ਇਰਾਦਾ ਕਰ ਲਿਆ ਸੀ ਕਿ ਮੈਂ ਡਾਕਟਰ ਹੀ ਬਣਨਾ ਹੈ, ਪਰ ਕਿਵੇਂ ਬਣਨਾ, ਕਿਹੜੀ ਪੜ੍ਹਾਈ ਕਰਨੀ? ਆਦਿ ਤੋਂ ਮੈਂ ਦਸਵੀਂ ਜਮਾਤ ਪਾਸ ਕਰਨ ਤੱਕ ਵੀ ਅਨਜਾਣ ਸੀ। ਮੇਰੇ ਸਹਿਪਾਠੀ ਜੇ.ਈ.ਟੀ. ਦੀ ਤਿਆਰੀ ਕਰਨ ਲੱਗੇ ਸਨ ਅਤੇ ਮੇਰੇ ਸਾਇੰਸ ਅਧਿਆਪਕ ਨੇ ਮੈਨੂੰ ਵੀ ਫ਼ਾਰਮ ਭਰਨ ਲਈ ਕਿਹਾ ਸੀ। ਮੈਂ ਡਾਕਟਰ ਬਣਨ ਦੀ ਗੱਲ ਦੱਸਦਿਆਂ ਮਨ੍ਹਾਂ ਕਰ ਦਿੱਤਾ ਸੀ, ਅੱਗਿਓਂ ਉਨ੍ਹਾਂ ਦਾ ਸਵਾਲ ਵੀ ਬਾਕਮਾਲ ਸੀ, “ਜੇ ਤੇਰੇ ਕੋਲ ਆਹ ਛੋਟਾ ਜਿਹਾ ਕੋਰਸ ਕਰਨ ਦੀ ਸਮਰੱਥਾ ਨਹੀਂ ਤਾਂ ਫਿਰ ਉਸ ਪਹਾੜ ਨਾਲ ਮੱਥਾ ਕਿਵੇਂ ਲਾਵੇਂਗਾ?” ਉਨ੍ਹਾਂ ਦੀ ਇਹ ਗੱਲ ਠੀਕ ਵੀ ਸੀ, ਮੈਡੀਕਲ ਦੀ ਮਹਿੰਗੀ ਸਿੱਖਿਆ ਆਮ ਲੋਕਾਂ ਦੀ ਪਹੁੰਚ ਤੋਂ ਦੂਰ ਹੈ। ਬਸ ਫਿਰ ਪੜ੍ਹਾਈ ਛੱਡ ਰੋਜ਼ੀ-ਰੋਟੀ ਦੇ ਜੁਗਾੜ ਲਈ ਕੋਸ਼ਿਸ਼ਾਂ ਸ਼ੁਰੂ ਹੋ ਗਈਆਂ, ਪਰ ਡਾਕਟਰ ਬਣਨ ਦਾ ਜਨੂੰਨ ਚੈਨ ਨਾਲ ਬੈਠਣ ਨਹੀਂ ਦੇ ਰਿਹਾ ਸੀ।

ਆਰਟਸ ਗਰੁੱਪ ਨਾਲ ਬਾਰ੍ਹਵੀਂ ਕੀਤੀ ਤੇ ਨਾਲੋਂ ਨਾਲ ਕਿਸੇ ਡਾਕਟਰ ਕੋਲ ਕੰਮ ਸਿੱਖਣ ਜਾਂਦਾ ਸੀ ਕਿ ਚਲੋ ਅਧਿਕਾਰਿਤ ਨਾ ਸਹੀ, ਅਣਅਧਿਕਾਰਿਤ ਡਾਕਟਰ ਤਾਂ ਬਣ ਹੀ ਸਕਦਾ ਹਾਂ। ਉਸ ਤੋਂ ਬਾਅਦ ਮੈਂ ਸਾਡੇ ਨੇੜੇ ਮੌਜੂਦ ਆਦੇਸ਼ ਮੈਡੀਕਲ ਕਾਲਜ ਅਤੇ ਹਸਪਤਾਲ ਵਿੱਚ ਗੈਸਟਰੋਐਂਟਰਾਲੋਜੀ ਵਿਭਾਗ ‘ਚ ਵਾਰਡ ਬੁਆਏ ਦੀ ਨੌਕਰੀ ਸ਼ੁਰੂ ਕੀਤੀ। ਇਸ ਦੌਰਾਨ ਜਦ ਮੈਡੀਕਲ ਕਾਲਜ ‘ਚ ਡਾਕਟਰੀ ਪੜ੍ਹਦੇ ਵਿਦਿਆਰਥੀਆਂ ਨੂੰ ਦੇਖਦਾ ਤਾਂ ਸੋਚਦਾ ਕਾਸ਼! ਮੈਂ ਵੀ ਕਿਸੇ ਮੈਡੀਕਲ ਕਾਲਜ ‘ਚ ਡਾਕਟਰੀ ਪੜ੍ਹ ਪਾਉਂਦਾ। ਆਰਥਿਕ ਮੰਦਹਾਲੀ ਕਾਰਨ ਘਰ ਦੀ ਸਥਿਤੀ ਡਾਵਾਂਡੋਲ ਹੋ ਗਈ ਸੀ। ਦੂਜਾ ਦਾਦੀ ਬੀਮਾਰ ਰਹਿਣ ਲੱਗ ਪਏ ਸਨ ਤੇ ਆਖ਼ਰ ਉਹ ਬੀਮਾਰੀ ਕਾਰਨ ਦਮ ਤੋੜ ਗਏ।


ਦਾਦੀ ਦੀ ਮੌਤ ਤੋਂ ਬਾਅਦ ਮੈਂ ਬਿਲਕੁਲ ਟੁੱਟ ਗਿਆ ਸੀ ਕਿ ਉਨ੍ਹਾਂ ਦੇ ਜਿਉਂਦੇ ਜੀ ਮੈਂ ਡਾਕਟਰ ਨਹੀਂ ਬਣ ਸਕਿਆ, ਪਰ ਡਾਕਟਰ ਬਣਨ ਦਾ ਜਨੂੰਨ ਅਜੇ ਵੀ ਮੇਰੇ ਅੰਦਰ ਠਾਠਾਂ ਮਾਰ ਰਿਹਾ ਸੀ, ਜਿਸ ਨੇ ਮੈਨੂੰ ਨੌਕਰੀ ਦੇ ਨਾਲ ਮੁੜ ਪੜ੍ਹਾਈ ਸ਼ੁਰੂ ਕਰਨ ਲਈ ਮਜਬੂਰ ਕੀਤਾ। ਡਾ. ਕੁਲਦੀਪ ਸਿੰਘ, ਜੋ ਉਸ ਸਮੇਂ ਆਦੇਸ਼ ਮੈਡੀਕਲ ਕਾਲਜ ਅਤੇ ਹਸਪਤਾਲ, ਬਠਿੰਡਾ ‘ਚ ਐਮਰਜੈਂਸੀ ਮੈਡੀਕਲ ਅਫ਼ਸਰ ਤਾਇਨਾਤ ਸਨ, ਮੇਰੇ ਲਈ ਫ਼ਰਿਸ਼ਤੇ ਬਣ ਬਹੁੜੇ। ਆਰਥਿਕ ਮਦਦ ਦੇ ਨਾਲ ਉਹ ਮੇਰੇ ਨਾਲ ਕੋਚਿੰਗ ਕਲਾਸ ਦਾ ਇੰਤਜ਼ਾਮ ਤੱਕ ਕਰਨ ਲਈ ਗਏ, ਪਰ ਮੁਸ਼ਕਿਲਾਂ ਦਾ ਦੌਰ ਅਜੇ ਖਤਮ ਨਹੀਂ ਸੀ ਹੋਇਆ, ਘਰ ਦੀ ਮੰਦੀ ਹਾਲਤ, ਨੌਕਰੀ ਦੇ ਨਾਲ ਮੁੜ ਬਾਰ੍ਹਵੀਂ ਜਮਾਤ (ਮੈਡੀਕਲ) ਦੀ ਪੜ੍ਹਾਈ ਮੇਰੀ ਲਈ ਵੱਡੀ ਵੰਗਾਰ ਸੀ, ਤੇ ਲੋਕਾਂ ਦਾ ਮਜ਼ਾਕ ਵੱਖਰਾ ਸਹਿਣਾ ਪੈਂਦਾ ਸੀ। ਡਾ. ਕੁਲਦੀਪ ਸਿੰਘ ਨਾਲ ਦੋਸਤੀ, ਪਰ ਮੇਰੀ ਪੋਸਟ ਵਾਰਡ ਬੁਆਏ ਹੋਣ ਕਾਰਨ ਉਥੇ ਮੌਜੂਦ ਸਟਾਫ਼ ਨਰਸਾਂ ਮੈਨੂੰ ਸੀਨੀਅਰ ਰੈਜ਼ੀਡੈਂਟ ਆਖ ਮੇਰਾ ਸ਼ੱਰ੍ਹੇਆਮ ਮਜ਼ਾਕ ਉਡਾਉਂਦੀਆਂ। ਜਦ ਇਹ ਸਾਰਾ ਵਰਤਾਰਾ ਮੈਂ ਡਾਕਟਰ ਸਾਬ੍ਹ ਨੂੰ ਦੱਸਦਾ ਤਾਂ ਉਹ ਦੁਖੀ ਤਾਂ ਜ਼ਰੂਰ ਹੁੰਦੇ, ਪਰ ਨਾਲ ਹੀ ਸਮਝਾਉਂਦੇ ਕਿ ਤੂੰ ਜਿਸ ਰਾਹ ‘ਤੇ ਤੁਰਿਆ ਹੈਂ, ਬਸ ਉਸ ‘ਚ ਵਰਨਣਯੋਗ ਕੰਮ ਕਰ ਦੇ, ਇਨ੍ਹਾਂ ਦੇ ਮੂੰਹ ਆਪੇ ਬੰਦ ਹੋ ਜਾਣਗੇ।

ਕੋਚਿੰਗ ਦੌਰਾਨ ਦੋ ਅਧਿਆਪਕ- ਸ. ਨਰਪਾਲ ਸਿੰਘ ਬਰਾੜ (ਫਿਜ਼ਿਕਸ) ਅਤੇ ਸ੍ਰੀਮਤੀ ਸਰਵਰਿੰਦਰ ਕੌਰ (ਕੈਮਿਸਟਰੀ), ਫ਼ਰਿਸ਼ਤੇ ਬਣ ਆਏ, ਉਨ੍ਹਾਂ ਮੈਨੂੰ ਮੁਫ਼ਤ ਪੜ੍ਹਾਇਆ। ਉਹ ਬਠਿੰਡਾ ਵਿੱਚ ਨਾਮਵਰ ਕੋਚਿੰਗ ਸੈਂਟਰ ਚਲਾਉਂਦੇ ਹਨ। ਬਾਇਓਲੌਜੀ ਮੈਂ ਖੁਦ ਪੜ੍ਹੀ। ਉਹ ਦੌਰ ਬੜਾ ਮੁਸ਼ਕਿਲ ਸੀ। ਸਾਰਾ ਦਿਨ ਨੌਕਰੀ ਤੇ ਫਿਰ ਪੜ੍ਹਾਈ ਕੀਤੀ ਤੇ ਪ੍ਰਵੇਸ਼ ਪ੍ਰੀਖਿਆ ਦੀ ਤਿਆਰੀ ਕੀਤੀ। ਗ਼ਰੀਬੀ, ਮਜਬੂਰੀਆਂ ਆਪਣਾ ਰੰਗ ਦਿਖਾ ਰਹੀਆਂ ਸਨ ਤੇ ਲੋਕਾਂ ਦੇ ਮਜ਼ਾਕ ਰੂਪੀ ਤਾਅਨੇ ਆਪਣਾ ਕੰਮ ਕਰ ਰਹੇ ਸਨ। ਇਸ ਗੱਲ ਤੋਂ ਮੈਂ ਇਨਕਾਰੀ ਨਹੀਂ ਹਾਂ ਕਿ ਮੈਂ ਉਸ ਦੌਰ ‘ਚ ਨਹੀਂ ਟੁੱਟਿਆ।

ਖੈਰ! ਸਾਲ 2012 ਵਿੱਚ ਪੰਜਾਬ ਮੈਡੀਕਲ ਪ੍ਰਵੇਸ਼ ਪ੍ਰੀਖਿਆ, ਜੋ ਫ਼ਰੀਦਕੋਟ ਵਿਖੇ ਹੋਈ ਸੀ, ਮੈਂ ਦੁਬਾਰਾ ਬਾਰ੍ਹਵੀਂ ਜਮਾਤ ਮੈਡੀਕਲ ‘ਚ ਪਾਸ ਕਰਕੇ ਦੂਜੀ ਵਾਰ ਪ੍ਰੀਖਿਆ ਦਿੱਤੀ ਸੀ। ਉਸ ਦਿਨ ਵੀ ਇੱਕ ਫ਼ਰਿਸ਼ਤਾ ਮੇਰੀ ਮਦਦ ਲਈ ਅਚਨਚੇਤ ਬਹੁੜਿਆ ਸੀ। ਹੋਇਆ ਇੰਜ, ਕਿਸੇ ਕਾਰਨ ਸੜਕ ਜਾਮ ਸੀ ਜਿਸ ਕਾਰਨ ਮੇਰਾ ਪ੍ਰੀਖਿਆ ਕੇਂਦਰ ‘ਤੇ ਪੁੱਜਣਾ ਮੁਸ਼ਕਿਲ ਜਾਪ ਰਿਹਾ ਸੀ ਬੱਸ ‘ਚੋਂ ਉਤਰ ਕੇ ਇੱਕ ਸਕੂਟਰ ਸਵਾਰ ਦੀ ਮਿੰਨਤ ਕੀਤੀ ਤੇ ਉਹ ਝੱਟ ਹੀ ਮੈਨੂੰ ਉਥੇ ਛੱਡਣ ਲਈ ਰਾਜ਼ੀ ਹੋ ਗਿਆ ਸੀ। ਰਸਤੇ ‘ਚ ਉਹ ਆਖ ਰਿਹਾ ਸੀ ਕਿ ਭਲਾਈ ਦਾ ਤਾਂ ਜ਼ਮਾਨਾ ਹੀ ਨਹੀਂ ਰਿਹਾ, ਲੋਕ ਗਲਤ ਫਾਇਦਾ ਚੁੱਕ ਲੈਂਦੇ ਹਨ, ਪਰ ਫਿਰ ਵੀ ਉਹ ਮੈਨੂੰ ਮੇਰੀ ਮੰਜ਼ਿਲ ‘ਤੇ ਪਹੁੰਚਾਉਣ ਲਈ ਬਜ਼ਿੱਦ ਸੀ। ਵੇਲੇ ਸਿਰ ਮੈਂ ਪਸੀਨੋ ਪਸੀਨੀ ਹੋਇਆ ਪ੍ਰੀਖਿਆ ਕੇਂਦਰ ‘ਚ ਦਾਖਲ ਹੋਇਆ ਤੇ ਆਪਣਾ ਇਮਤਿਹਾਨ ਦਿੱਤਾ। ਸ਼ਾਮ ਤੱਕ ਨਤੀਜਾ ਆ ਗਿਆ, ਮੈਂ ਇਹ ਪ੍ਰੀਖਿਆ ਪਾਸ ਕਰ ਲਈ ਸੀ। ਖ਼ਬਰ ਸਾਰੇ ਹਸਪਤਾਲ ‘ਚ ਫੈਲ ਗਈ ਸੀ ਕਿ ਉਸ ਵਾਰਡ ਬੁਆਏ ਨੇ ਮੈਡੀਕਲ ਪ੍ਰਵੇਸ਼ ਪ੍ਰੀਖਿਆ ਪਾਸ ਕਰ ਲਈ ਹੈ। ਡਾ. ਕੁਲਦੀਪ ਸਿੰਘ ਨੂੰ ਦੱਸਿਆ ਤਾਂ ਉਹ ਜੋਸ਼ ਨਾਲ ਭਰ ਗਏ।

ਮੇਰੀ ਮਿਹਨਤ ‘ਤੇ ਗ਼ਰੀਬੀ ਫਿਰ ਹਾਵੀ ਹੋ ਗਈ ਤੇ ਨਿੱਜੀ ਕਾਲਜ ‘ਚ ਮਿਲੀ ਐਮ.ਬੀ.ਬੀ.ਐਸ. ਦੀ ਸੀਟ ਮਜਬੂਰੀਵਸ ਛੱਡਣੀ ਪਈ ਸੀ। ਮਦਦ ਲਈ ਬੜੇ ਲੋਕਾਂ ਦੀਆਂ ਮਿੰਨਤਾਂ ਕੀਤੀਆਂ। ਬੈਂਕ ‘ਚ ਐਜੂਕੇਸ਼ਨ ਲੋਨ ਲਈ ਦੁਹਾਈ ਪਾਈ, ਖੇਤ ਮਜ਼ਦੂਰ ਦਾ ਬੱਚਾ ਹੋਣ ਕਾਰਨ ਆਮਦਨ ਕਰ ਆਦਿ ਦੇ ਫਾਲਤੂ ਸ਼ੋਸ਼ਿਆਂ ਕਾਰਨ ਮੰਜ਼ਿਲ ‘ਤੇ ਪੁੱਜ ਫਿਰ ਪੈਰ ਪਿਛਾਂਹ ਪਰਤ ਆਏ ਸਨ, ਜਿਸ ਨੇ ਮੈਨੂੰ ਬਹੁਤ ਬੁਰੀ ਤਰ੍ਹਾਂ ਤੋੜ ਦਿੱਤਾ ਸੀ। ਇੱਥੇ ਵੀ ਸਕਾਰਾਤਮਕ ਸਾਹਿਤ ਨੇ ਮੇਰੀ ਬਾਂਹ ਫੜੀ। ਸੰਨ 2013 ‘ਚ ਮਿਲੀ ਬੀ.ਡੀ.ਐੱਸ. ਸੀਟ ਮੈਂ ਆਪੇ ਛੱਡ ਦਿੱਤੀ ਸੀ ਅਤੇ ਆਖ਼ਰ ਬੀ.ਏ.ਐਮ.ਐਸ. ਕੋਰਸ ਕਰਨ ਦਾ ਮਨ ਬਣਾਇਆ, ਜਿਸ ਦੀ ਫੀਸ ਐੱਮ.ਬੀ.ਬੀ.ਐੱਸ. ਕੋਰਸ ਦੇ ਮੁਕਾਬਲੇ ਕਾਫੀ ਘੱਟ ਸੀ। ਫੀਸ ਦੇ ਜੁਗਾੜ ਲਈ ਬਹੁਤੇ ਲੋਕਾਂ ਨੇ ਆਪਣੀ ਨੇਕ ਕਮਾਈ ਨਾਲ ਮੇਰੀ ਫੀਸ ਭਰੀ ਤੇ ਕਾਫੀ ਹੱਦ ਤੱਕ ਖੁਦ ਦੀ ਮਦਦ ਖ਼ੁਦ ਕਰਨ ਦੇ ਜਨੂੰਨ ਕਾਰਨ ਡਿਗਰੀ ਦੌਰਾਨ ਕੰਮ ਕਰਨ ਦੀ ਆਦਤ ਨੇ ਖਰਚੇ ਆਪ ਓਟੇ। ਇਸ ਦੀ ਰਾਜ ਪੱਧਰੀ ਪ੍ਰਵੇਸ਼ ਪ੍ਰੀਖਿਆ ‘ਚ ਮੇਰਾ 99ਵਾਂ ਰੈਂਕ ਆਇਆ ਸੀ। ਮੈਂ ਸੂਬੇ ਦੇ ਨਾਮਵਰ ਪਰ ਨਿੱਜੀ ਮੈਡੀਕਲ ਕਾਲਜ ਤੋਂ ਆਪਣੀ ਬੀ.ਏ.ਐੱਮ.ਐੱਸ. ਦੀ ਡਿਗਰੀ ਪੂਰੀ ਕਰਕੇ ਹੁਣ ਸਰਕਾਰੀ ਨੌਕਰੀ ‘ਤੇ ਲੱਗਾ ਹੋਇਆ ਹਾਂ। ਵਾਰਡ ਬੁਆਏ ਤੋਂ ਡਾਕਟਰ ਬਣਨ ਦੇ ਇਸ ਸਫ਼ਰ ਦੌਰਾਨ ਮੇਰੀ ਮਦਦ ਲਈ ਅੱਗੇ ਆਏ ਲੋਕਾਂ ਨੇ ਮੈਨੂੰ ਸਦਾ ਫ਼ਰਿਸ਼ਤਿਆਂ ਦੀ ਆਮਦ ਦਾ ਅਹਿਸਾਸ ਦਿਵਾਇਆ ਹੈ।

# 'ਪਾਠਕ ਪੀਠ' ਦਾ ਜੇਤੂ ਬੂਟਾ ਸਿੰਘ ਸ਼ਾਦ





ਸਿੱਧੂ ਦਮਦਮੀ
ਫੋਨ: 91-94170-13869

**ਨਿਰਮਾਤਾ-ਨਿਰਦੇਸ਼ਕ ਬੂਟਾ ਸਿੰਘ ਸ਼ਾਦ ਦਾ 2 ਮਈ 2023 ਨੂੰ ਹਰਿਆਣਾ ਦੇ ਸਿਰਸਾ ਨੇੜੇ ਉਨ੍ਹਾਂ ਦੇ ਪਿੰਡ ਵਿਚ ਦੇਹਾਂਤ ਹੋ ਗਿਆ ਸੀ। ਉਨ੍ਹਾਂ ਨੇ 'ਨਿਸ਼ਾਨ', 'ਹਿੰਮਤ ਔਰ ਮਿਹਨਤ', 'ਇਨਸਾਫ ਕੀ ਦੇਵੀ', 'ਪਹਿਲਾ ਪਹਿਲਾ ਪਿਆਰ', 'ਕਸਮ ਵਰਦੀ ਕੀ' ਸਮੇਤ ਕਈ ਹਿੰਦੀ ਅਤੇ 'ਕੁੱਲੀ ਯਾਰ ਦੀ', 'ਮਿੱਤਰ ਪਿਆਰੇ ਨੂੰ', 'ਗਿੱਧਾ' ਸਮੇਤ ਕਈ ਪੰਜਾਬੀ ਫਿਲਮਾਂ ਦਾ ਨਿਰਮਾਣ ਕੀਤਾ। ਕੁਝ ਪੰਜਾਬੀ ਤੇ ਹਿੰਦੀ ਫਿਲਮ 'ਕੋਰਾ ਬਦਨ' ਵਿੱਚ ਉਨ੍ਹਾਂ ਨੇ ਹੀਰੋ ਵਜੋਂ ਕੰਮ ਕੀਤਾ। 12 ਨਵੰਬਰ 1943 ਨੂੰ ਪਿੰਡ ਦਾਨ ਸਿੰਘ ਵਾਲਾ (ਜ਼ਿਲ੍ਹਾ ਬਠਿੰਡਾ) ਵਿੱਚ ਜਨਮੇ ਬੂਟਾ ਸਿੰਘ ਸ਼ਾਦ ਦਾ ਪਾਲਣ-ਪੋਸ਼ਣ ਅਤੇ ਸਿੱਖਿਆ ਪੰਜਾਬ ਵਿਚ ਹੋਈ। ਆਪਣੀ ਪੜ੍ਹਾਈ ਦੌਰਾਨ ਉਨ੍ਹਾਂ ਨੇ ਅਖਬਾਰਾਂ ਤੇ ਮੈਗਜ਼ੀਨਾਂ ਲਈ ਕਹਾਣੀਆਂ ਤੇ ਨਾਵਲ ਲਿਖੇ। ਡਿਗਰੀ ਤੋਂ ਬਾਅਦ ਉਨ੍ਹਾਂ ਨੇ ਇਕ ਸਾਲ ਕਾਲਜ ਵਿਚ ਲੈਕਚਰਾਰ ਵਜੋਂ ਸੇਵਾ ਕੀਤੀ। 'ਪੰਜਾਬੀ ਟ੍ਰਿਬਿਊਨ' ਦੇ ਸਾਬਕਾ ਸੰਪਾਦਕ ਸਿੱਧੂ ਦਮਦਮੀ ਨੇ ਬੂਟਾ ਸਿੰਘ ਸ਼ਾਦ ਨਾਲ ਲੰਮੀ ਮੁਲਾਕਾਤ ਦਾ ਜ਼ਿਕਰ ਇਸ ਲੇਖ ਵਿਚ ਛੋਹਿਆ ਹੈ।**

ਹੁੱਸੜ ਭਰਿਆ ਦਿਨ ਸੀ। ਘੱਗਰ ਦਰਿਆ ਦੇ ਬਾਗੜੀ ਪਸਾਰ ਵਿਚ ਫੈਲੀਆਂ ਦਰਜਨਾਂ ਢਾਣੀਆਂ ਵਿਚੋਂ ਅਸੀਂ ਇੱਕ ਉਸ ਦੀ ਭਾਲ ਕਰ ਰਹੇ ਸਾਂ, ਜਿਸ ਵਿਚ ਇੱਕ ਸੂਚਨਾ ਮੁਤਾਬਕ, ਬੂਟਾ ਸਿੰਘ ਸ਼ਾਦ ਆਪਣੀ ਜ਼ਿੰਦਗੀ ਦੀ ਆਥਣ ਕੱਟ ਰਿਹਾ ਸੀ।

ਇਤਫਾਕਨ, ਕੁਝ ਸਾਲ ਪਹਿਲਾਂ ਉਨ੍ਹਾਂ ਬਾਰੇ ਰਿਕਾਰਡ ਹੋ ਰਹੇ ਮੇਰੇ ਇਕ ਟੀਵੀ ਪ੍ਰੋਗਰਾਮ ਵਿਚ ਹੀ ਉਨ੍ਹਾਂ ਦੀ ਗੰਭੀਰ ਬਿਮਾਰੀ ਦੀਆਂ ਨਿਸ਼ਾਨੀਆਂ ਪ੍ਰਗਟ ਹੋਈਆਂ ਸਨ। ਤਦ ਪ੍ਰੋਗਰਾਮ ਵਿਚੇ ਛੱਡ ਕੇ ਉਨ੍ਹਾਂ ਨੂੰ ਡਾਕਟਰੀ ਸਹਾਇਤਾ ਲਈ ਜਾਣਾ ਪਿਆ ਸੀ। ਉਸ ਪਿੱਛੋਂ ਮੇਰੇ ਵਿਦੇਸ਼ ਰਟਨ ਦੀ ਫਿਰਕੀ 'ਤੇ ਚੜ੍ਹ ਜਾਣ ਕਾਰਨ, ਅਗਲੇ ਕਈ ਵਰ੍ਹੇ ਉਨ੍ਹਾਂ ਦੀ ਸੁੱਖਸਾਂਦ ਪੁੱਛਣ ਦਾ ਸਬੱਬ ਹੀ ਨਹੀਂ ਬਣ ਸਕਿਆ। ਬਿਮਾਰੀ ਕਾਰਨ ਉਹ ਖੁਦ ਵੀ ਲੋਕਾਂ ਤੋਂ ਕੱਟੇ ਰਹੇ।

ਇਸੇ ਦੌਰਾਨ ਉਨ੍ਹਾਂ ਦੇ ਆਪਣੇ ਭਤੀਜਿਆਂ ਕੋਲ ਸਿਰਸੇ ਜ਼ਿਲ੍ਹੇ ਦੀ ਕਿਸੇ ਢਾਣੀ ਵਿਚ ਚਲੇ ਜਾਣ ਦੀ ਕੱਚੀ-ਪੱਕੀ ਖਬਰ ਆਈ। ਪੱਤਰਕਾਰ ਮਿੱਤਰਾਂ ਤੋਂ ਖਬਰ ਦੀ ਪੁਸ਼ਟੀ ਕਰਵਾਈ ਤੇ ਅਸੀਂ ਉਨ੍ਹਾਂ ਨੂੰ ਮਿਲਣ ਲਈ ਚੱਲ ਪਏ।

ਰਾਜਸਥਾਨੀ ਕਾਲਮਨਵੀਸ ਭਾਰਤ ਭੂਸ਼ਨ ਸੂਨਅ, ਹਰਿਆਣਵੀ ਪੱਤਰਕਾਰ ਭੂਪਿੰਦਰ ਪੰਨ੍ਹੀਵਾਲ ਤੇ ਪ੍ਰਭਦਿਆਲ ਦੀ ਸੰਗਤ ਵਿਚ ਮੈਂ ਐਲਨਾਬਾਦ ਦੇ ਚਾਰ ਕੁ ਪਿੰਡਾਂ ਦੀ ਛੋਟੀ ਜਿਹੀ ਢਾਣੀ ਕੂਮਥਲਾ ਦਾ ਬੂਹਾ ਜਾ ਖੜਕਾਇਆ। ਖੇਤੀ ਦੇ ਵੱਡੇ-ਛੋਟੇ ਸੰਦਾ ਨਾਲ ਭਰਿਆ ਹੋਇਆ ਘਰ ਸੀ। ਸਾਡੀ ਆਮਦ ਦਾ ਸ਼ੋਰ ਸੁਣ ਕੇ ਬਾਕੀ ਘਰ ਨਾਲੋਂ ਹਟਕੇ ਬਣਾਈ ਬੈਠਕ ਵਿੱਚੋਂ ਬੁਢੇ ਸ਼ੇਰ ਦੀ ਗੁਰਾਹਟ ਜਿਹੀ ਸ਼ਾਦ ਦੀ ਆਵਾਜ਼ ਸੁਣਾਈ ਦਿੱਤੀ। ਉਸ ਨੇ ਉਠਣ ਦੀ ਕੋਸ਼ਿਸ ਕੀਤੀ, ਪਰ ਡਾਕਟਰੀ ਓਪਰੇਸ਼ਨਾਂ ਦੇ ਭੰਨੇ ਤੇ ਸਹਾਰਿਆਂ ਨਾਲ ਹੀ ਉਠਣ-ਬੈਠਣ ਜੋਗਾ ਰਹਿ ਗਏ ਸਰੀਰ ਨੇ ਸਾਥ ਨਾ ਦਿੱਤਾ। ਉਸ ਮੁਤਾਬਕ, ਉਸਦੀ ਬੰਬਈ ਵਿਚ ਹੋਈ ਓਪਨ ਹਾਰਟ ਸਰਜਰੀ ਨੇ ਜਿਥੇ ਗੱਲ ਸਾਂਭ ਲਈ ਸੀ, ਉਥੇ ਬਠਿੰਡੇ 'ਚ ਹੋਏ ਪਰਾਸਟੇਟ ਗਲੈਂਡ ਦੇ ਓਪਰੇਸ਼ਨ ਨੇ ਵਿਗਾੜ ਦਿੱਤੀ।

ਵਾਕਰ ਨਾਲ ਸਰੀਰ ਨੂੰ ਕੁਝ ਹਰਕਤ ਦੇ ਕੇ ਤੇ ਚੇਤਨ 'ਤੇ ਜ਼ੋਰ ਪਾ ਕੇ ਨਾ ਕੇਵਲ ਉਸਨੇ ਮੈਨੂੰ ਹੀ ਪਛਾਣ ਲਿਆ, ਸਗੋਂ ਹੌਲੀ ਹੌਲੀ ਬੀਤੇ ਦੀਆਂ ਗੱਲਾਂ ਦੀ ਬੱਤੀ ਵੀ ਮਘਾ ਲਈ ਸੀ।

ਪਰਿਵਾਰ ਵਲੋਂ ਪਰੋਸੀ ਗਈ ਚਾਹ ਦੇ ਨਾਲ ਨਾਲ ਸਾਹਿਤ ਤੇ ਫਿਲਮ ਜਗਤ ਵਾਰ ਵਾਰ ਉਸ ਦੀ ਚੇਤਨਾ ਵਿਚ ਜਗ-ਬੁਝ ਜਗ-ਬੁਝ ਕਰਨ ਲੱਗੇ। ਇਕ ਵੇਰਾਂ ਵੇਖਿਆ, ਬੰਬਈ ਦੇ ਸਮੁੰਦਰੀ ਕਿਨਾਰੇ ਖੜ੍ਹਾ 61 ਜੇਪੀ-1 ਵਰਸੋਵਾ ਵਾਲਾ ਸ਼ਾਦ ਦਾ ਅਪਾਰਟਮੈਂਟ ਮੈਨੂੰ ਯਾਦ ਆ ਰਿਹਾ ਸੀ। ਇਹ ਬਾਲੀਵੁੱਡ ਦੇ ਸਿਰੇ ਦੇ ਸਿਤਾਰਿਆਂ ਦਾ ਬਸੇਰਾ ਰਹਿੰਦਾ ਰਿਹਾ ਸੀ। ਇਥੇ ਹੀ ਰਚ ਕੇ ਉਸ ਨੇ ਪੰਜਾਬੀ ਮਾਂ ਬੋਲੀ ਦੀ ਝੋਲੀ ਵਿਚ ਚਾਲੀ ਨਾਵਲ ਤੇ ਸੱਤ ਕਹਾਣੀ ਸੰਗ੍ਰਿਹ ਪਾਏ...। ਇਥੇ ਹੀ 'ਨਿਸ਼ਾਨ' ਜਿਹੀਆਂ ਮਲਟੀ ਸਟਾਰ ਫਿਲਮਾਂ ਕਲਪੀਆਂ ਤੇ ਆਪਣੀ ਪਲੇਠੀ ਫਿਲਮ 'ਕੁੱਲੀ ਯਾਰ ਦੀ' ਸਮੇਤ ਅਨੇਕਾਂ ਪੰਜਾਬੀ ਫਿਲਮਾਂ ਵਿਊਂਤੀਆਂ...। ਇਥੇ ਹੀ ਉਸ ਤੋਂ ਨਾਵਲ ਲਿਖਵਾਉਣ ਲਈ ਪੰਜਾਬੀ ਪਬਲਿਸ਼ਰ ਹਜ਼ਾਰਾਂ ਦਾ ਐਡਵਾਂਸ ਦੇਣ ਆਇਆ ਕਰਦੇ ਸਨ। ਉਹ ਨਿਸੰਗ ਕਹਿੰਦੇ ਸਨ ਕਿ ਇਥੇ ਹੀ ਫਿਲਮਾਂ 'ਚੋਂ ਉਨ੍ਹਾਂ ਨੇ ਮੋਟਾ ਪੈਸਾ ਕਮਾਇਆ ਤੇ ਲੋੜਵੰਦਾਂ ਦਰਮਿਆਨ ਵੰਡਿਆ ਵੀ।

ਸ਼ਾਦ ਹੋਰਾਂ ਦੀ ਜ਼ਿੰਦਗੀ ਨੇ ਹੱਦ ਦਰਜੇ ਦਾ ਕੰਟਰਾਸਟ ਭੋਗਿਆ ਹੈ: ਦਾਨ ਸਿੰਘ ਵਾਲਾ ਤੋਂ ਵਰਸੋਵਾ ਤਕ; ਵਰਸੋਵਾ ਦੀ ਫਿਲਮੀ ਦੁਨੀਆਂ ਦੀ ਰੌਣਕ ਤੋਂ ਲੈ ਕੇ ਛੋਟੀ ਜਿਹੀ ਢਾਣੀ ਦੇ ਇਕੱਲ ਤਕ।

ਗੱਲਾਂ ਕਰਦਿਆਂ ਮੈਂ ਮਹਿਸੂਸ ਕੀਤਾ ਕਿ ਏਨੀ ਰਚਨਾਤਮਿਕ ਤੇ ਆਰਥਕ ਅਮੀਰੀ ਦੇ ਬਾਵਜੂਦ ਸ਼ਾਦ ਦੀਆਂ ਅੱਖਾਂ ਵਿਚ ਅਤ੍ਰਿਪਤੀ ਦੇ ਗਲੇਡੂ ਅਟਕੇ ਹੋਏ ਸਨ। ਜੋ ਉਸ ਦੇ ਇਹ ਕਹਿੰਦਿਆਂ ਹੀ ਵਗ ਤੁਰੇ ਕਿ '2016 ਦੀ ਦਿਵਾਲੀ ਨੂੰ ਬੰਬਈ ਤੋਂ ਪੰਜਾਬ 'ਚ ਸ਼ਿਫਟ ਕਰਨ ਵੇਲੇ ਮੇਰੀ ਕਲਮ ਦੀ ਸਿਆਹੀ ਹਮੇਸ਼ਾ ਲਈ ਸੁੱਕ ਗਈ। ਹੱਥ ਲਿਖਣ ਤੋਂ ਇਨਕਾਰੀ ਹੋ ਬੈਠੇ...।'

ਸ਼ਾਦ ਨਾਲ ਕੀਤੀਆਂ ਦੋ ਲੰਬੀਆਂ ਟੀ.ਵੀ. ਮੁਲਾਕਾਤਾਂ ਮੇਰੇ ਚੇਤੇ ਵਿਚ ਖੁਲ੍ਹਣ ਲੱਗੀਆਂ: ਕਿਵੇਂ ਚਿੜੀ ਦੇ ਪੌਂਚੇ ਜਿੱਡੇ ਪਿੰਡ ਦਾਨ ਸਿੰਘ ਵਾਲਾ ਦੀਆਂ ਗਲੀਆਂ ਵਿਚ ਖੇਡਣ ਵਾਲੇ ਇੱਕ ਅੜੀਅਲ ਮੁੰਡੇ ਨੇ ਰੰਗਦਾਰ ਸੁਫਨਾ ਲਿਆ ਤੇ ਸਿਰੇ ਚਾੜ੍ਹਿਆ...। ਕਿਵੇਂ ਭਲੇ ਵਕਤਾਂ ਵਿਚ ਕੁਝ ਹਜ਼ਾਰ ਰੁਪਇਆਂ ਨਾਲ ਹੀ ਰੇਤੀਲੇ ਸ਼ਹਿਰ ਬਠਿੰਡੇ ਦੀ ਬਾਲੀਵੁੱਡ ਨਾਲ ਦੋਸਤੀ ਪਵਾਈ...। ਕਿਵੇਂ ਫਿਲਮੀ ਸੰਸਾਰ ਦੀਆਂ ਰੰਜਿਸ਼ਾਂ ਭੁਗਤੀਆਂ ਤੇ ਪਿਆਰ ਪੁਗਾਏ...।

ਤੁਰਦਿਆਂ-ਫਿਰਦਿਆਂ ਦੇ ਸਟਾਇਲ ਵਿਚ ਕੀਤੀਆਂ ਟੀ.ਵੀ. ਮੁਲਾਕਾਤਾਂ ਵਿਚਲੇ ਛੇਅ ਫੁੱਟੇ ਸ਼ਾਦ ਨੂੰ ਹੁਣ ਵਾਕਰ ਦੀ ਮੁਥਾਜਗੀ ਸਹਾਰਦਿਆਂ ਵੇਖ ਉਦਾਸੀ ਦੀ ਇਕ ਛੱਲ ਮੇਰੇ ਅੰਦਰ ਉਠ ਪਈ। ਮੇਰੇ ਚੇਤੇ ਵਿਚ ਮੇਰੇ ਵਿਦਿਆਰਥੀ ਜੀਵਨ ਦਾ ਉਹ ਦਿਨ ਉਘੜ ਪਿਆ ਸੀ, ਜਿਸ ਦਿਨ 'ਆਰਸੀ' ਦੇ ਇੱਕੋ ਅੰਕ ਵਿਚ ਮੇਰੀ ਪਲੇਠੀ ਕਵਿਤਾ ਤੇ ਸ਼ਾਦ ਹੋਰਾਂ ਦੀ ਚਰਚਿਤ ਕਹਾਣੀ 'ਪੁੰਨਣ' ਛਪੀ ਸੀ। ਤੇ ਬਾਵਰਿਆਂ ਹਾਰ ਪਰਚਾ ਚੁਕੀ, ਖੁਸ਼ੀ ਸਾਂਝੀ ਕਰਨ ਲਈ, ਮੈਂ ਉਨ੍ਹਾਂ ਨੂੰ ਬਠਿੰਡੇ ਦੇ ਗਲੀਆਂ-ਬਾਜ਼ਾਰਾਂ ਵਿਚ ਲੱਭਦਾ ਫਿਰਿਆ ਸਾਂ। ਮਿਲਿਆ ਤਾਂ ਉਸ ਦੀ ਮੱਤ ਸੀ: ਗੱਠ ਬੰਨ੍ਹ ਲੈ- ਹੁਣ ਆਰਸੀ ਨਾਗਮਣੀ ਤੋਂ ਘੱਟ ਨਹੀਂ ਛਪਣਾ।

ਦਿਲਚਸਪ ਗੱਲ ਇਹ ਕਿ ਫਿਲਮੀ ਸੰਸਾਰ ਦੀ ਮਿਕਨਾਤੀਸੀ ਖਿੱਚ ਦੇ ਬਾਵਜੂਦ ਸ਼ਾਦ ਦਾ ਪਹਿਲਾ ਪਿਆਰ ਲਿਖਣਾ ਹੀ ਰਿਹਾ। ਉਸ ਦੇ ਪਾਠਕਾਂ ਦਾ ਮੰਨਣਾ ਹੈ ਕਿ ਦਹਾਕਿਆਂ ਪਿੱਛੋਂ ਵੀ ਉਸ ਦੇ ਰਚੇ ਬਿਰਤਾਂਤ ਅੰਦਰਲਾ ਕਥਾ ਰਸ, ਫਿਕਰਿਆਂ 'ਚ ਗਿੱੜਦੀ ਊਰਜਾ ਤੇ ਗੱਲਾਂ 'ਚ ਖੜਕਦਾ ਯਥਾਰਥ ਉਨ੍ਹਾਂ ਨੂੰ ਬੰਨ੍ਹਦਾ ਆ ਰਿਹਾ ਹੈ। ਸ਼ਾਇਦ ਉਹ ਪੰਜਾਬੀ ਦਾ ਵਿਕਲੋਤਰਾ ਕਥਾਕਾਰ ਹੈ, ਜਿਸ ਦੇ ਨਾਵਲਾਂ/ਕਹਾਣੀਆਂ ਦੇ ਫਿਕਰੇ/ਜੁਮਲੇ ਤੇ ਕਥਾ-ਧਾਗੇ ਮੰਟੋ ਦੇ ਅਫਸਾਨਿਆਂ ਵਾਂਗ ਉਸ ਦੇ ਪਾਠਕਾਂ ਨੂੰ ਜ਼ੁਬਾਨੀ ਯਾਦ ਹੁੰਦੇ ਹਨ।

---

ਪੁਰਸਕਾਰਾਂ ਨਾਲ ਬਹੁ-ਸ਼ਿੰਗਾਰੇ ਉਸ ਦੇ ਕਈ ਸਮਕਾਲੀਆਂ ਦੇ ਉਲਟ, ਦਹਾਕਿਆਂ ਪਿਛੋਂ ਵੀ, ਸ਼ਾਦ ਦੇ ਨਾਵਲਾਂ 'ਚ ਬੁਢਾਪਾ ਤੇ ਕਹਾਣੀਆਂ 'ਚ ਪੁਰਾਣ ਨਹੀਂ ਝਲਕਦਾ। ਉਸ ਦੀਆਂ ਰਚਨਾਵਾਂ ਦਾ ਕਥਾ ਰਸ, ਫਿਕਰਿਆਂ 'ਚ ਨਿਰੰਤਰ ਗਿੱੜਦੀ ਊਰਜਾ ਤੇ ਗੱਲ 'ਚ ਖੜਕਦਾ ਯਥਾਰਥ ਉਸ ਦੇ ਪਾਠਕਾਂ ਨੂੰ ਬੰਨ੍ਹਦਾ ਆ ਰਿਹਾ ਹੈ। ਉਹ ਪੰਜਾਬੀ ਦਾ ਵਿਕਲੋਤਰਾ ਕਥਾਕਾਰ ਹੈ, ਜਿਸ ਦੇ ਨਾਵਲਾਂ/ਕਹਾਣੀਆਂ ਦੇ ਫਿਕਰੇ/ਜੁਮਲੇ ਤੇ ਕਥਾ-ਧਾਗੇ ਮੰਟੋ ਦੇ ਅਫਸਾਨਿਆਂ ਵਾਂਗ ਪਾਠਕਾਂ ਨੂੰ ਜ਼ੁਬਾਨੀ ਯਾਦ ਹੁੰਦੇ ਹਨ।

ਨਿਰਸੰਦੇਹ ਬੂਟਾ ਸਿੰਘ ਸ਼ਾਦ ਦੀਆਂ ਲਿਖਤਾਂ ਦੀ ਸਮਾਜਿਕ ਪ੍ਰਸੰਗਤਾ ਬਾਰੇ ਬਹਿਸ ਹੋ ਸਕਦੀ ਹੈ, ਪਰ ਇਹ ਸੱਚ ਹੈ ਕਿ ਬੂਟਾ ਸਿਘ ਸ਼ਾਦ ਨੇ ਪੁਰਸਕਾਰ ਨਹੀਂ, ਪਾਠਕ ਕਮਾਏ ਹਨ। ਹਜ਼ਾਰਾਂ ਨਹੀ, ਲੱਖਾਂ। ਕੇਵਲ ਪੰਜਾਬ ਵਿਚ ਹੀ ਨਹੀਂ, ਸਗੋਂ ਦੁਨੀਆਂ ਦੇ ਹਰ ਉਸ ਕੋਨੇ 'ਚੋਂ, ਜਿਥੇ ਕਿਤੇ ਵੀ ਪੰਜਾਬੀ ਵੱਸਦੇ ਹਨ।

ਭਾਵੇਂ ਪੰਜਾਬੀ ਆਲੋਚਕਾਂ ਦਾ ਇਕ ਵਰਗ ਵਾਰ ਵਾਰ ਉਸ ਨੂੰ 'ਪੰਜਾਬੀ ਦਾ ਗੁਲਸ਼ਨ ਨੰਦਾ' ਕਹਿ ਕੇ ਸੰਜੀਦਾ ਸਾਹਿਤਕਾਰਾਂ ਦੀ ਸ਼੍ਰੇਣੀ 'ਚੋਂ ਬਾਹਰ ਰੱਖਣ ਦੀ ਕੋਸ਼ਿਸ਼ ਕਰਦਾ ਰਿਹਾ ਹੈ, ਪਰ ਹਕੀਕਤ ਇਹ ਹੈ ਕਿ ਆਪਣੀ ਪੀੜ੍ਹੀ ਵਿਚ ਨਾਨਕ ਸਿੰਘ ਤੇ ਜਸਵੰਤ ਸਿੰਘ ਕੰਵਲ ਪਿਛੋਂ ਉਹ ਪੰਜਾਬੀ ਦਾ ਸਭ ਤੋਂ ਵੱਧ ਪੜ੍ਹਿਆ ਜਾਣ ਤੇ ਵਿਕਣ ਵਾਲਾ ਨਾਵਲਕਾਰ ਹੈ।

ਇਸੇ ਲਈ ਪੁਸਤਕਾਂ ਦੇ ਥੱਬਿਆਂ ਨਾਲ ਪੰਜਾਬੀ ਸਾਹਿਤ ਦੀ ਝੋਲੀ ਨੂੰ 'ਭਾਰੀ ਕਰਨ' ਦੇ ਦਾਅਵੇਦਾਰ ਸਾਹਿਤਕਾਰ ਤਾਂ ਪੰਜਾਬੀ ਸਾਹਿਤ ਸੰਸਾਰ 'ਚ ਸੈਂਕੜੇ ਮਿਲ ਜਾਣਗੇ, ਪਰ ਨਾਨਕ ਸਿੰਘ-ਕੰਵਲ ਦੀ ਪੀੜ੍ਹੀ ਪਿਛੋਂ ਇਸ ਨੂੰ ਲੱਖਾਂ ਪਾਠਕਾਂ ਨਾਲ 'ਭਰਪੂਰ ਕਰਨ' ਦਾ ਦਾਅਵਾ ਕੇਵਲ ਬੂਟਾ ਸਿੰਘ ਸ਼ਾਦ ਹੀ ਕਰ ਸਕਦਾ ਹੈ। ਇਸੇ ਲਈ ਕਿਹਾ ਜਾ ਸਕਦਾ ਹੈ ਕਿ ਗਿਆਨ-ਪੀਠ ਨਾ ਸਹੀ, ਉਸ ਨੂੰ ਪੰਜਾਬੀ ਪਾਠਕ ਵਰਗ ਵਲੋਂ 'ਪਾਠਕ ਪੀਠ' ਪੁਰਸਕਾਰ ਤਾਂ ਦਿੱਤਾ ਹੀ ਜਾ ਚੁਕਾ ਹੈ।

ਮੁਲਾਕਾਤ ਲੰਬੀ ਹੋ ਜਾਣ ਕਾਰਨ ਸ਼ਾਦ ਦਾ ਬਿਮਾਰੀ ਖਾਧਾ ਸਰੀਰ ਥਕਾਵਟ ਮੰਨ ਰਿਹਾ ਲਗਦਾ ਸੀ। ਖੇਤਾਂ 'ਚ ਚੁਫੇਰੇ ਚਲ ਰਹੀਆਂ ਹਾਰਵੈਸਟ ਕੰਬਾਇਨਾਂ ਦੀ ਧੂੜ ਤੇ ਸ਼ੋਰ ਫੈਲ ਰਿਹਾ ਸੀ। ਬਾਹਰ ਨਿਕਲ ਕੇ ਮੈਂ ਢਾਣੀ 'ਚ ਚੁਫੇਰੇ ਨਿਗ੍ਹਾ ਮਾਰੀ ਤਾਂ ਵੇਖਿਆ ਘਰ ਦੇ ਜੀ ਆਪੋ-ਆਪਣੇ ਧੰਦੀ ਲੱਗ ਗਏ ਸਨ ਤੇ ਘਰ ਦੀ ਬਾਹਰਲੀ ਬੈਠਕ ਵਿਚੋਂ ਕੋਈ ਆਵਾਜ਼ ਨਹੀਂ ਆ ਰਹੀ ਸੀ...।

## ਮਗ਼ਜ਼ਪਚੋ

ਗੁਰਦਿਆਲ ਦਲਾਲ

ਮੈਂ ਜਲੰਧਰ ਰੇਡੀਓ ਸਟੇਸ਼ਨ 'ਤੇ ਕਹਾਣੀ ਪੜ੍ਹਨ ਗਿਆ, ਤਾਂ ਉੱਥੇ ਕਹਾਣੀ ਪੜ੍ਹਨ ਲਈ ਇਕ ਕਹਾਣੀਕਾਰਾ ਬੀਬੀ ਵੀ ਪਹੁੰਚੀ ਹੋਈ ਸੀ। ਡਾਇਰੈਕਟਰ ਤੇ ਕੁਝ ਹੋਰ ਕਰਮਚਾਰੀਆਂ ਨਾਲ ਚਾਹ ਪੀਂਦਿਆਂ ਉਹ ਸਭ ਨੂੰ ਆਪਣੇ ਬਹੁਤ ਵੱਡੀ ਕਹਾਣੀਕਾਰਾ ਹੋਣ ਦੀਆਂ ਗੱਲਾਂ ਦੱਸਣ ਲੱਗ ਪਈ। ਜਦੋਂ ਸਭ ਨੇ ਚਾਹ ਪੀ ਲਈ ਤੇ ਉੱਠਣ ਲੱਗੇ, ਤਾਂ ਉਸ ਨੂੰ ਚਾਹ ਯਾਦ ਆਈ। ਉਸ ਨੇ ਕੱਪ ਚੁੱਕ ਕੇ ਚਾਹ ਪੀਣੀ ਸ਼ੁਰੂ ਕੀਤੀ। ਕੋਲ਼ ਬੈਠਾ ਹੋਣ ਕਰ ਕੇ ਮੈਨੂੰ ਕਹਿੰਦੀ, "ਤੁਸੀਂ ਮੁਲਾਜ਼ਮ ਹੋ ਐਥੇ?"

"ਨਹੀਂ ਜੀ, ਮੈਂ ਵੀ ਕਹਾਣੀ ਪੜ੍ਹਨ ਲਈ ਆਇਆ ਹਾਂ।"

"ਤੁਸੀਂ ਕਹਾਣੀ ਲਿਖਦੇ ਹੋ? ਕੀ ਨਾਂ ਏ ਤੁਹਾਡਾ?"

"ਗੁਰਦਿਆਲ ਦਲਾਲ।" ਮੈਂ ਕਿਹਾ।

"ਕਿੰਨੀਆਂ ਕਹਾਣੀਆਂ ਲਿਖੀਆਂ ਨੇ?"

"ਜੀ ਬੱਸ ਆਹੀ- ਇੱਕੋ ਹੀ ਲਿਖੀ ਏ।"

"ਕੀ ਨਾਂ ਏ ਕਹਾਣੀ ਦਾ?"

"ਮਗ਼ਜ਼ਪਚੋ।"

"ਇਹ ਵੀ ਕੋਈ ਨਾਂ ਹੋਇਆ? ਕੀ ਨਾਂ ਦੱਸਿਆ ਤੁਸੀਂ ਆਪਣਾ?"

"ਜੀ, ਗੁਰਦਿਆਲ ਦਲਾਲ।"

"ਇਹ ਵੀ ਕੋਈ ਨਾਂ ਹੋਇਆ? ਕਾਹਦੀ ਦਲਾਲੀ ਕਰਦੇ ਹੋ?

"ਜੀ ਕੋਲਿਆਂ ਦੀ।" ਮੈਂ ਹੱਸਿਆ ਤਾਂ ਉਹ ਵੀ ਹੱਸੀ।

"ਮੇਰਾ ਇੱਕ ਸੁਝਾਅ ਹੈ। ਤੁਸੀਂ ਇਹ 'ਦਲਾਲ' ਨਾਂ ਨਾਲ਼ੋਂ ਹਟਾ ਦਿਓ। ਗੁਰਦਿਆਲ ਸਿੰਘ ਲਿਖਿਆ ਕਰੋ। ਸਿੱਖ ਹੋ ਤੇ ਨਾਂ ਨਾਲ਼ ਸਿੰਘ ਹੈ ਹੀ ਨਹੀਂ।"

"ਸਿੰਘ ਜੈਤੋ ਵਾਲਾ ਪਹਿਲਾਂ ਹੀ ਲਿਖੀ ਫਿਰਦੈ।"

"ਤੁਸੀਂ ਕੋਈ ਤਖੱਲਸ ਲਾ ਲਵੋ ਨਾ ਨਾਲ਼।"

"ਇਹ ਕੀ ਹੁੰਦੈ ਜੀ?"

"ਸੁਆਹ ਦੀ ਖੇਹ। ਕਹਾਣੀਆਂ ਲਿਖਣ ਲੱਗ ਪਏ, ਤਖੱਲਸ ਦਾ ਪਤਾ ਨਹੀਂ, ਕੀ ਹੁੰਦੈ!" ਉਹ ਉੱਠੀ ਤੇ ਬਾਹਰ ਚਲੀ ਗਈ।

# ਸਾਹਿਤਕਾਰਾਂ ਤੇ ਆਲੋਚਕਾਂ ਵਿੱਚ 'ਕਲਗੀ ਸੋਚ' ਰੋਗ

## -ਪੰਜਾਬੀ ਸਾਹਿਤਕ ਭ੍ਰਿਸ਼ਟਾਚਾਰ-

ਡਾ. ਸੁਖਪਾਲ ਸੰਘੇੜਾ
dr.sukhpal.sanghera@gmail.com



**ਜਿਸ ਤਰ੍ਹਾਂ ਕਿ ਬਹੁਤੇ ਖੇਤਰਾਂ ਵਿੱਚ ਕਿਸੇ ਨਾ ਕਿਸੇ ਪੱਧਰ ਉਤੇ ਭ੍ਰਿਸ਼ਟਾਚਾਰ ਦੀ ਅਲਾਮਤ ਹੱਦੋਂ ਵੱਧ ਭਾਰੂ ਹੋ ਗਈ ਹੈ, ਐਨ ਉਸੇ ਤਰ੍ਹਾਂ ਸਾਹਿਤਕ ਖੇਤਰ ਵਿੱਚ ਵੀ ਇਸ ਦੀਆਂ ਜੜ੍ਹਾਂ ਡੂੰਘੀਆਂ ਹੁੰਦੀਆਂ ਜਾ ਰਹੀਆਂ ਹਨ। ਇਥੋਂ ਤੱਕ ਕਿ ਸਾਹਿਤਕ ਖੇਤਰ ਨਾਲ ਜੁੜੀਆਂ ਜ਼ਿਆਦਾਤਰ ਨਵੀਂਆਂ-ਪੁਰਾਣੀਆਂ ਹਸਤੀਆਂ ਦੀ ਸੋਚ-ਧਰਾਤਲ ਉਤੇ ਛੂਤਛਾਤ ਦੇ ਰੋਗ ਦੇ ਲੱਛਣ ਉੱਗ ਆਏ ਹਨ। ਪੰਜਾਬੀ ਸਾਹਿਤਕਾਰਾਂ ਤੇ ਆਲੋਚਕਾਂ ਵਿੱਚ ਭ੍ਰਿਸ਼ਟਾਚਾਰ ਦਾ ਇੱਕ ਵਿਆਪਕ ਮਾਡਲ ਉਸਰ ਗਿਆ ਹੈ ਤੇ ਇਹ ਵਰਤਾਰਾ ਅਜੋਕੇ ਸਾਹਿਤਕ ਮਿਆਰ ਨੂੰ ਉਚਾਣਾਂ ਵੱਲ ਲੈ ਜਾਣ ਦੀ ਥਾਂ ਨਿਵਾਣਾਂ ਵਿੱਚ ਲੈ ਕੇ ਜਾਣ ਦਾ ਕਾਰਨ ਬਣਦਾ ਜਾ ਰਿਹਾ ਹੈ। ਲੇਖਕ ਡਾ. ਸੁਖਪਾਲ ਸੰਘੇੜਾ ਨੇ ਇਸ ਮਾਹੌਲ ਸਬੰਧੀ ਆਪਣੇ ਵਿਚਾਰ ਪੇਸ਼ ਕਰਦਿਆਂ ਲੇਖ ਦੇ ਅਖੀਰ ਵਿੱਚ ਤੋੜਾ ਝਾੜਿਆ ਹੈ ਕਿ ਪੰਜਾਬੀ ਸਾਹਿਤਕ ਭ੍ਰਿਸ਼ਟਾਚਾਰ ਨੂੰ ਬਰੇਕਾਂ ਲਾਉਣ ਲਈ ਪੰਜਾਬੀ ਸਾਹਿਤਕਾਰਾਂ ਤੇ ਆਲੋਚਕਾਂ ਵਿੱਚ ਛਾਏ ਛੂਤਛਾਤ ਦੇ ਰੋਗ 'ਕਲਗੀ ਸੋਚ' 'ਤੇ ਕਾਬੂ ਪਾ ਕੇ ਇਹਨੂੰ ਖ਼ਤਮ ਕਰਨਾ ਪਵੇਗਾ। ਪੇਸ਼ ਹੈ, ਲੇਖ ਦੀ ਪਹਿਲੀ ਕਿਸ਼ਤ...**

**ਜਾਣਕਾਰੀ:** ਮੱਧਯੁੱਗ ਦੇ ਰਾਜਾਸ਼ਾਹੀ-ਜਾਗੀਰੂ ਤੇ ਗ਼ੁਲਾਮ ਸੋਚ ਮਿਸ਼ਰਨ ਦੀ ਰਹਿੰਦ-ਖੂਹੰਦ, ਆਧੁਨਿਕ ਯੁੱਗ ਵਿੱਚ ਹਰ ਖ਼ੇਤਰ 'ਚ ਸਮੱਸਿਆਵਾਂ ਪੈਦਾ ਕਰਦੀ ਹੈ। ਇਸ ਰਹਿੰਦ-ਖੂਹੰਦ ਨੂੰ ਇਸ ਲੇਖ ਵਿੱਚ 'ਕਲਗੀ ਸੋਚ' ਕਿਹਾ ਗਿਆ ਹੈ। ਇਸ ਲੇਖ ਵਿੱਚ ਅਸੀਂ ਪੰਜਾਬੀ ਕਵੀਆਂ ਤੇ ਆਲੋਚਕਾਂ ਵਿੱਚ ਛਾਏ ਛੂਤਛਾਤ ਦੇ ਰੋਗ 'ਕਲਗੀ ਸੋਚ' ਦਾ ਮੁਆਇਨਾ ਕਰਦੇ ਹਾਂ, 'ਪੰਜਾਬੀ ਸਾਹਿਤਕ ਭ੍ਰਿਸ਼ਟਾਚਾਰ' ਦੇ ਪ੍ਰਸੰਗ ਵਿੱਚ। ਇਹ ਰੋਗ ਉਨਾ ਹੀ ਪੁਰਾਣਾ ਹੈ, ਜਿੰਨਾ ਪੰਜਾਬੀ ਸਾਹਿਤ ਜਾਂ ਪੰਜਾਬੀ ਕਵਿਤਾ; ਪੰਜਾਬੀ ਸਾਹਿਤ ਦੀ ਸ਼ੁਰੂਆਤ ਹੀ ਕਲਗੀ ਯੁੱਗ, ਯਾਨਿ ਰਾਜਾਸ਼ਾਹੀ-ਜਾਗੀਰੂ ਯੁੱਗ ਜਾਂ ਮੱਧਯੁੱਗ ਦੌਰਾਨ ਹੋਈ, ਕਾਵਿ-ਰੂਪ ਵਿੱਚ। ਜਿਵੇਂ ਚਮਚੜਿੱਕਾਂ ਕਈ ਵਾਇਰਸਾਂ ਦਾ ਘਰ ਹੁੰਦੀਆਂ ਨੇ, ਜਿਨ੍ਹਾਂ 'ਚੋਂ ਮਨੁੱਖਾਂ ਵਿੱਚ ਫ਼ੈਲ ਕੇ ਕੋਈ ਵਾਇਰਸ ਤਬਾਹੀ ਮਚਾ ਦਿੰਦੀ ਹੈ; ਪਰ ਉਹੀ ਵਾਇਰਸ ਚਮਚੜਿੱਕ ਲਈ ਘਾਤਿਕ ਨਹੀਂ, ਸਗੋਂ ਆਮ (ਨਾਰਮ) ਹੁੰਦੀ ਹੈ।

ਇਸੇ ਤਰ੍ਹਾਂ ਹੀ 'ਕਲਗੀ ਸੋਚ' ਜੋ ਕਲਗੀ ਯੁੱਗ, ਯਾਨਿ ਮੱਧਯੁੱਗ ਦਾ ਨਾਰਮ ਸੀ, ਪਰ ਮਾਡਰਨ ਯੁੱਗ ਵਿੱਚ ਇਹ ਵਾਇਰਸ ਹੈ, ਜਿਹਨੇ, ਮਿਸਾਲ ਵਜੋਂ ਵਿਗਿਆਨ ਵਿੱਚ ਮੋਹਰੀ ਦੇਸ਼ ਅਮਰੀਕਾ ਦੇ ਮਿਲੀਅਨ ਦੇ ਕਰੀਬ ਲੋਕਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ, ਕਰੋਨਾ ਦੇ ਹਥਿਆਰ ਨਾਲ; ਵੈਕਸੀਨ ਦੀ ਗੈਰਹਾਜ਼ਰੀ ਤੇ ਹਾਜ਼ਰੀ ਦੋਨਾਂ ਵਿੱਚ ਹੀ। ਇਸ ਤਰ੍ਹਾਂ ਅੱਜ ਦੀ ਰੌਸ਼ਨੀ ਦਾ ਜਾਗ ਲਾ ਕੇ 'ਕਲਗੀ ਸੋਚ' ਵਾਇਰਸ ਦਾ ਦੁੱਧ ਦਾ ਦੁੱਧ ਤੇ ਪਾਣੀ ਦਾ ਪਾਣੀ ਅਲੱਗ ਕੀਤਾ ਜਾ ਸਕਦਾ ਹੈ। ਇਸ ਵਾਇਰਸ ਦੇ ਲੱਛਣ, ਜੋ ਇਹਦੀ ਨਿਸ਼ਾਨਦੇਹੀ ਕਰਨ ਲਈ ਵਰਤੇ ਜਾ ਸਕਦੇ ਨੇ, ਵੱਖ ਵੱਖ ਖ਼ੇਤਰਾਂ ਵਿੱਚ ਵੱਖ ਵੱਖ ਕਾਰਕਾਂ (Factors) 'ਤੇ ਆਧਾਰਿਤ ਹੁੰਦੇ ਨੇ। ਭਾਵੇਂ ਸਾਰੇ ਪੰਜਾਬੀ ਸਾਹਿਤਕ ਰੂਪਾਂ ਦੇ ਬਾਹਲੇ ਲੇਖਕ ਤੇ ਆਲੋਚਕ ਇਸ ਵਾਇਰਸ ਨਾਲ ਪੀੜਤ (Infected) ਨੇ, ਪਰ ਅਸੀਂ ਇੱਥੇ ਇਹਦੇ ਅਧਿਅਨ ਨੂੰ ਕਵੀਆਂ ਤੇ ਕਾਵਿ ਆਲੋਚਕਾਂ ਤੋਂ ਸ਼ੁਰੂ ਕਰਾਂਗੇ। ਹੋਰ ਸਾਹਿਤਕ ਰੂਪਾਂ ਵਿੱਚ ਇਸ ਰੋਗ ਦਾ ਅਧਿਅਨ ਇਸ ਤਰ੍ਹਾਂ ਦਾ ਹੀ ਹੋਵੇਗਾ ਅਤੇ ਕੋਈ ਨਵਾਂ ਤੇ ਵੱਖਰਾ ਤੱਤ ਸਾਹਮਣੇ ਨਹੀਂ ਲਿਆਏਗਾ। ਇਸ ਅਧਿਅਨ 'ਚੋਂ ਅਖੀਰ 'ਤੇ ਅਸੀਂ ਪੰਜਾਬੀ ਵਿੱਚ ਬਹੁ-ਦਿਸ਼ਾਵੀ ਸਾਹਿਤਕ ਭ੍ਰਿਸ਼ਟਾਚਾਰ ਦਾ ਇੱਕ ਵਿਆਪਕ (Generic) ਮਾਡਲ ਕੱਢਾਂਗੇ।

ਸੋ, ਆਓ ਪਹਿਲਾਂ ਕਵਿਤਾ ਦੀ ਵਿਆਪਕ ਪਰਿਭਾਸ਼ਾ 'ਤੇ ਸਹਿਮਤ ਹੋ ਲਈਏ।

**ਕਵਿਤਾ ਕੀ ਹੈ?** 'ਕਲਗੀ ਸੋਚ' ਵਾਇਰਸ ਇਹਦੇ ਪੀੜਤ ਕਵੀਆਂ ਤੇ ਆਲੋਚਕਾਂ ਲਈ ਕਵਿਤਾ ਦੀ ਪਰਿਭਾਸ਼ਾ ਹੀ ਡੂੰਗ ਕੇ ਰਲਗੱਡ ਕਰ ਜਾਂਦੀ ਹੈ। ਨਤੀਜੇ ਵਜੋਂ, ਮੇਰੇ ਤਰਜਬੇ ਮੁਤਾਬਕ, ਪੰਜਾਬੀ ਕਵਿਤਾ ਦੇ ਅਜਿਹੇ ਆਲੋਚਕਾਂ ਤੇ ਕਵੀਆਂ ਦੀ ਕਵਿਤਾ ਬਾਰੇ ਸਮਝ ਤੇ ਪਹੁੰਚ ਕੁਝ ਬੜੇ ਅਜੀਬੋ-ਗ਼ਰੀਬ ਧੁੰਦਲੇ ਖ਼ਿਆਲ 'ਤੇ ਆਧਾਰਿਤ ਹੁੰਦੀ ਹੈ। ਇਸ ਲਈ, ਇਹ ਬਣਦਾ ਹੈ ਕਿ ਹੱਥਲੇ ਰੋਗ ਦੀਆਂ ਅਲਾਮਤਾਂ ਜਾਂ ਲੱਛਣਾਂ ਬਾਰੇ ਚਰਚਾ ਕਰਨ ਤੋਂ ਪਹਿਲਾਂ ਸੰਖੇਪ ਵਿੱਚ ਇਹ ਦੱਸ ਦਿਆਂ ਕਿ ਮੈਂ ਕਵਿਤਾ ਨੂੰ ਕੀ ਸਮਝਦਾ ਹਾਂ।

ਵਿਸ਼ਵ ਪੱਧਰ 'ਤੇ ਜੇ ਸਾਰੇ ਨਹੀਂ ਤਾਂ ਲੱਗਭੱਗ ਬਹੁਤੇ ਕਾਵਿ ਵਿਦਵਾਨ ਕਵਿਤਾ ਦੀ ਇਸ ਬੁਨਿਆਦੀ ਤੇ ਵਿਆਪਕ (Generic) ਪਰਿਭਾਸ਼ਾ ਨਾਲ ਸਹਿਮਤ ਹੋਣਗੇ: ਕਵਿਤਾ ਸਾਹਿਤ ਦਾ ਉਹ ਰੂਪ ਹੈ, ਜੋ ਖ਼ਿਆਲਾਂ ਤੇ ਭਾਵਨਾਵਾਂ ਦੇ ਪ੍ਰਗਟ ਕਰਨ ਲਈ ਕੁਝ ਵਿਸ਼ੇਸ਼ ਔਜਾਰਾਂ ਦਾ ਇਸਤੇਮਾਲ ਕਰਦਾ ਹੈ, ਜਿਵੇਂ ਕਿ ਅਧਿਕਤਾ, ਤੁਕਬੰਦੀ, ਤੁਲਨਾ ਜਾਂ ਉਪਮਾ, ਬਿੰਬ, ਅਲੰਕਾਰ ਤੇ ਦ੍ਰਿਸ਼ਟਾਂਤ ਆਦਿ। ਇਸ ਬੁਨਿਆਦੀ ਤੇ ਵਿਆਪਕ ਪਰਿਭਾਸ਼ਾ ਦੇ ਆਧਾਰ 'ਤੇ ਅਨੇਕਾਂ ਕਿਸਮ ਦੀ ਕਵਿਤਾ ਉਸਾਰੀ ਜਾ ਸਕਦੀ ਹੈਂ, ਜਿਵੇਂ ਕਿ ਨਰਮ, ਸੂਖ਼ਮ ਤੇ ਗਰਮ-ਖ਼ਿਆਲੀ; ਪਿਆਰ ਤੇ ਨਫ਼ਰਤ ਬਾਰੇ; ਢਾਡੀ ਵਾਰਾਂ; ਸਿਆਸੀ; ਧਾਰਮਿਕ; ਨਾਸਤਿਕ; ਛੰਦਬੰਦ ਤੇ ਖੁੱਲ੍ਹੀ ਆਦਿ। ਸੌ ਹੱਥ ਰੱਸਾ ਸਿਰੇ 'ਤੇ ਗੰਢ: ਹਜ਼ਾਰਾਂ ਫੁੱਲ ਖਿੜ੍ਹਨ ਦਿਓ!

**ਇੱਕ ਹੋਰ ਬੜਾ ਜ਼ਰੂਰੀ ਨੁਕਤਾ:** ਕਾਵਿ ਕਲਾ ਮੁਲੰਕਣ ਤੇ ਕਵਿਤਾ ਵਿਚਲੀ ਵਿਚਾਰਧਾਰਾ ਦਾ ਮੁਲੰਕਣ ਦੋ ਆਪਸੀ-ਸਬੰਧਿਤ ਪਰ ਵੱਖੋ-ਵੱਖਰੀਆਂ ਸ਼ੈਆਂ ਨੇ, ਤੇ ਇਨ੍ਹਾਂ ਨੂੰ ਰਲਗੱਡ ਨਹੀਂ ਕਰਨਾ ਚਾਹੀਦਾ। ਮਿਸਾਲ ਵਜੋਂ ਕਵਿਤਾ ਦੇ ਕਲਾ ਪੱਖੋਂ ਤਕੜੀ ਜਾਂ ਕਮਜ਼ੋਰ, ਵਧੀਆ ਜਾਂ ਘਟੀਆ ਹੋਣ ਦਾ ਪੈਮਾਨਾ ਹੁੰਦਾ ਹੈ ਕਿ ਕਵਿਤਾ ਨੂੰ ਕਵਿਤਾ ਬਣਾਉਣ ਲਈ ਉਕਤ ਔਜ਼ਾਰਾਂ ਦੀ ਵਰਤੋਂ ਕਿੰਨੇ ਕਾਰਗਰ ਤੇ ਅਸਰਦਾਇਕ ਢੰਗ ਨਾਲ ਕੀਤੀ ਗਈ ਹੈ, ਨਾ ਕਿ ਕਿੰਨੀ ਸੂਖਮ/ਨਰਮ, ਗਰਮ-ਖ਼ਿਆਲੀ ਜਾਂ ਸਿਆਸੀ ਹੈ। ਨਾਹਰੇਬਾਜ਼ੀ ਵਾਲੀ ਕਵਿਤਾ ਵੀ ਕਲਾ ਪੱਖੋਂ ਤਕੜੀ ਹੋ ਸਕਦੀ ਹੈ, ਤੇ ਧੀਮੀ ਸੁਰ ਵਾਲੀ ਸੂਖਮ ਨਰਮ ਕਵਿਤਾ ਕਲਾ ਪੱਖੋਂ ਕਮਜ਼ੋਰ।

## 'ਕਲਗੀ ਸੋਚ' ਰੋਗ ਦੀਆਂ ਅਲਾਮਤਾਂ

'ਕਲਗੀ ਸੋਚ' ਵਾਇਰਸ ਨਾਲ ਇਨਫੈਕਟਿਡ ਜਾਂ ਪੀੜਤ ਪੰਜਾਬੀ ਕਵੀਆਂ ਤੇ ਕਾਵਿ ਆਲੋਚਕਾਂ ਦੀ ਸ਼ਨਾਖਤ ਹੇਠਾਂ ਚਰਚਿਤ ਮੁੱਖ ਅਲਾਮਤਾਂ ਦੇ ਜ਼ਰੀਏ ਕੀਤੀ ਜਾ ਸਕਦੀ ਹੈ:

"ਮੈਂ ਤੈਨੂੰ ਕਵੀ ਹੀ ਨਹੀਂ ਮੰਨਦਾ।" ਇਹ ਅਲਾਮਤ ਵਿੰਗੇ-ਟੇਡੇ ਤੇ ਕਈ ਵਾਰੀ ਤਾਂ ਬਿਲਕੁਲ ਸਿੱਧੇ ਰੂਪ ਵਿੱਚ ਵੀ ਪ੍ਰਗਟ ਹੋ ਸਕਦੀ ਹੈ। ਇਹ ਅਲਾਮਤ ਦਾ ਵਿੰਗਾ-ਟੇਡਾ ਰੂਪ ਹੋਵੇਗਾ, ਕੁਝ ਇਸ ਤਰ੍ਹਾਂ ਆਲੋਚਨਾ: (1) "ਇਹ ਵੀ ਕੋਈ ਕਵਿਤਾ ਆ? ਸਿਰਫ਼ ਨਾਹਰੇਬਾਜ਼ੀ!", (2) "ਕੋਈ ਕਵਿਤਾ ਨਹੀਂ, ਪੁਲੀਟੀਕਲ ਪ੍ਰਾਪੇਗੰਡਾ ਹੈ"; (3) "ਤਰਕ ਦੇ ਭਾਰ ਕਵਿਤਾ ਦੱਬ ਗਈ"; (4) "ਉਪ-ਭਾਵੁਕਤਾ ਬਹੁਤ ਆ"; (5) "ਰਸ ਦੀ ਘਾਟ ਆ"; ਇਤਿਆਦੀ। ਇਹ ਅਲਾਮਤ ਦਾ ਸਿੱਧਾ ਪ੍ਰਗਟਾ ਹੋਵੇਗਾ, ਮਿਸਾਲ ਵਜੋਂ ਜਦੋਂ ਤੁਹਾਨੂੰ ਕੋਈ ਸਿੱਧਾ ਬੋਲ ਜਾਂ ਲਿਖ ਦੇਵੇ, "ਮੈਂ ਤੈਨੂੰ ਕਵੀ ਨਹੀਂ ਮੰਨਦਾ।"




**ਕਿਸੇ ਵੀ ਭਾਸ਼ਾ ਵਿੱਚ ਚੱਲੀ ਕੋਈ ਖ਼ਾਸ ਕਾਵਿ ਲਹਿਰ ਉਸ ਭਾਸ਼ਾ ਦੇ ਸਮੁੱਚੇ ਕਾਵਿ ਖ਼ਜ਼ਾਨੇ ਵਿੱਚ ਵੱਖ ਵੱਖ ਪਹਿਲੂਆਂ ਤੋਂ ਵਾਧਾ ਹੀ ਕਰ ਸਕਦੀ ਹੈ; ਇਹ ਉਸ ਲਹਿਰ ਦੀ ਦੇਣ ਹੁੰਦੀ ਹੈ। ਜਿਵੇਂ 1970ਵਿਆਂ ਦੀ "ਕ੍ਰਾਂਤੀਕਾਰੀ ਕਵਿਤਾ" ਲਹਿਰ ਦੀ ਪੰਜਾਬੀ ਕਵਿਤਾ ਨੂੰ ਦੇਣ ਸਨ: ਪਾਸ਼ (ਅਵਤਾਰ ਸਿੰਘ ਸੰਧੂ), ਸੰਤ ਰਾਮ ਉਦਾਸੀ, ਲਾਲ ਸਿੰਘ ਦਿਲ ਅਤੇ ਹੋਰ ਅਨੇਕਾਂ ਕਵੀ ਤੇ ਉਨ੍ਹਾਂ ਦੀ ਕਵਿਤਾ।**


ਕਵਿਤਾ ਦੇ ਸਫ਼ਰ 'ਤੇ ਚੱਲਦਿਆਂ ਮੈਂ ਇਸ ਅਲਾਮਤ ਦੇ ਪ੍ਰਗਟਾ ਵਿੰਗੇ-ਟੇਡੇ ਤੇ ਬਿੱਲਕੁਲ ਸਿੱਧੇ- ਦੋਵਾਂ ਰੂਪਾਂ ਵਿੱਚ ਆਪਣੇ ਮਨ 'ਤੇ ਜਰੇ ਹਨ। ਇਸ ਨਿੱਜੀ ਤਰਜਬੇ 'ਤੇ ਕੋਈ ਗਿਲਾ ਤਾਂ ਕੌੜੀ ਭਾਵਨਾ ਨਹੀਂ ਹੈ; ਸਗੋਂ ਮੈਂ ਨਿੱਜੀ ਤਜਰਬੇ ਨੂੰ ਹੋਰ ਅਮੀਰ ਬਣਾਉਣ ਵਿੱਚ ਅਜਿਹੀਆਂ ਘਟਨਾਵਾਂ ਦੇ ਯੋਗਦਾਨ ਦਾ ਧੰਨਵਾਦੀ ਹੀ ਹਾਂ। ਮੈਂ ਇੱਥੇ ਇਨ੍ਹਾਂ ਦਾ ਜ਼ਿਕਰ ਸਿਰਫ਼ ਇੱਕ ਨੁਕਤਾ ਉਸਾਰਨ ਲਈ ਹੀ ਕਰ ਰਿਹਾ ਹਾਂ। ਉਹ ਇਹ ਹੈ ਕਿ ਸਾਨੂੰ ਇਸ ਭਰਮ ਵਿੱਚ ਨਹੀਂ ਰਹਿਣਾ ਚਾਹੀਦਾ ਕਿ 'ਕਲਗੀ ਸੋਚ' ਰੋਗ ਦਾ ਸ਼ਿਕਾਰ ਸਿਰਫ਼ "ਪਿਛਾਂਹ ਖਿੱਚੂ" ਲੇਬਲ ਵਾਲੇ ਕਵੀ ਹੀ ਹੁੰਦੇ ਨੇ, "ਅਗਾਂਹ ਵਧੂ" ਲੇਬਲ ਵਾਲੇ ਕਵੀ ਇਸ ਦੀ ਪਹੁੰਚ ਤੋਂ ਬਾਹਰ ਨੇ। ਮੇਰਾ ਇਹ ਭਰਮ ਮੇਰੇ ਹੀ ਸਿਰ ਉੱਪਰ ਤੌੜੀ ਵਾਂਗ ਫੁੱਟ ਗਿਆ, ਜਦੋਂ ਇਸ ਅਲਾਮਤ ਦਾ ਸਿੱਧਾ ਪ੍ਰਗਟਾ ਇੱਕ ਮਿੱਤਰ ਪਿਆਰੇ ਵਲੋਂ ਆਇਆ, ਜਿਹਦੀ ਕੁੱਲ ਮਿਲਾ ਕੇ "ਅਗਾਂਹ ਵਧੂ" ਸੋਚ ਉੱਪਰ ਨਾ ਮੈਨੂੰ ਉਦੋਂ ਹੀ ਸ਼ੱਕ ਸੀ, ਨਾ ਹੁਣ; ਤੇ ਜਿਸ ਸੋਚ ਸਦਕਾ ਮੇਰੇ ਮਨ ਵਿੱਚ ਉਸ ਲਈ ਹੁਣ ਵੀ ਉਤਨੀ ਹੀ ਕਦਰ ਹੈ, ਜਿੰਨੀ ਉਦੋਂ। ਇਸ ਸੰਦਰਭ ਵਿੱਚ ਦੂਜੀ ਮਿਸਾਲ ਦੇਣ ਲਈ ਪਹਿਲਾਂ ਇਹ ਦੱਸ ਦਿਆਂ ਕਿ ਪਾਸ਼ ਤੇ ਉਦਾਸੀ ਜਿਹੇ ਜਿਨ੍ਹਾਂ ਕਵੀਆਂ ਦੇ ਪੂਰ ਸੰਗ ਮੈਂ 1970ਵਿਆਂ ਵਿੱਚ ਮੋਢੇ ਘਸਾਉਂਦਾ ਰਿਹਾ ਸਾਂ, ਮੈਂ ਉਨ੍ਹਾਂ ਤੋਂ ਉਮਰ ਤੇ ਕਵਿਤਾ- ਦੋਹਾਂ ਦੇ ਲਿਹਾਜ਼ ਨਿਆਣਾ ਸਾਂ। ਮੇਰੇ ਮਨ ਵਿੱਚ ਉਨ੍ਹਾਂ ਲਈ ਇੱਜ਼ਤ ਅੱਜ ਵੀ ਬਰਕਰਾਰ ਹੈ, ਪਰ ਮੈਂ ਵਿਗਿਆਨ ਦਾ ਬੰਦਾ ਹਾਂ; ਡੇਟਾ ਵੀ ਨਜ਼ਰਅੰਦਾਜ਼ ਨਹੀਂ ਹੁੰਦਾ, ਜਦੋਂ ਉਸ ਪੂਰ ਵਿੱਚੋਂ ਇੱਕ ਸੱਜਣ ਪਿਆਰਾ ਕਹਿੰਦਾ ਹੈ ਕਿ 70ਵਿਆਂ ਦੀ "ਕ੍ਰਾਂਤੀਕਾਰੀ ਕਵਿਤਾ" ਨੇ 'ਪੰਜਾਬੀ ਕਵਿਤਾ' ਦਾ ਬਹੁਤ ਨੁਕਸਾਨ ਕੀਤਾ ਹੈ।

ਕਿਸੇ ਸਿਆਸੀ ਲਹਿਰ, ਇੱਥੇ ਭਾਵ ਨਕਸਲੀ ਲਹਿਰ ਜਾਂ ਉਹਦੇ ਪ੍ਰਭਾਵ ਵਿੱਚ ਚੱਲੀ ਕਿਸੇ ਕਾਵਿ ਲਹਿਰ, ਇੱਥੇ ਭਾਵ "ਕ੍ਰਾਂਤੀਕਾਰੀ" ਜਾਂ "ਜੁਝਾਰੂ" ਕਵਿਤਾ ਦੀ ਲਹਿਰ ਵਲੋਂ 'ਕਵਿਤਾ' ਦਾ ਨੁਕਸਾਨ ਕਰਨ ਦਾ ਮਾਅਰਕਾ ਜਾਂ ਸੰਕਲਪ ਆਧੁਨਿਕ ਯੁੱਗ ਵਿੱਚ ਨਿਰੋਲ ਪੰਜਾਬੀ ਹੈ; ਅੰਗਰੇਜ਼ੀ ਤਾਂ ਕੀ, ਇਹ ਹਿੰਦੀ ਤੱਕ ਜਾਂਦਿਆਂ ਜਾਂਦਿਆਂ ਹੀ ਦਮ ਤੋੜ ਜਾਂਦਾ ਹੈ। ਕਿਸੇ ਵੀ ਭਾਸ਼ਾ ਵਿੱਚ ਚੱਲੀ ਕੋਈ ਖ਼ਾਸ ਕਾਵਿ ਲਹਿਰ ਉਸ ਭਾਸ਼ਾ ਦੇ ਸਮੁੱਚੇ ਕਾਵਿ ਖ਼ਜ਼ਾਨੇ ਵਿੱਚ ਵੱਖ ਵੱਖ ਪਹਿਲੂਆਂ ਤੋਂ ਵਾਧਾ ਹੀ ਕਰ ਸਕਦੀ ਹੈ; ਇਹ ਉਸ ਲਹਿਰ ਦੀ ਦੇਣ ਹੁੰਦੀ ਹੈ। ਜਿਵੇਂ 1970ਵਿਆਂ ਦੀ "ਕ੍ਰਾਂਤੀਕਾਰੀ ਕਵਿਤਾ" ਲਹਿਰ ਦੀ ਪੰਜਾਬੀ ਕਵਿਤਾ ਨੂੰ ਦੇਣ ਸਨ: ਪਾਸ਼ (ਅਵਤਾਰ ਸਿੰਘ ਸੰਧੂ), ਸੰਤ ਰਾਮ ਉਦਾਸੀ, ਲਾਲ ਸਿੰਘ ਦਿਲ ਅਤੇ ਹੋਰ ਅਨੇਕਾਂ ਕਵੀ ਤੇ ਉਨ੍ਹਾਂ ਦੀ ਕਵਿਤਾ। ਕਿਸੇ ਵੀ ਲਹਿਰ ਵਲੋਂ "ਪੰਜਾਬੀ ਕਵਿਤਾ" ਦਾ ਨੁਕਸਾਨ ਕਰਨ ਦੇ ਸੰਕਲਪ ਦੀਆਂ ਜੜ੍ਹਾਂ ਸਿੱਧੀਆਂ ਜਾਗੀਰੂ ਤੇ ਰਾਜਾਸ਼ਾਹੀ ਸੋਚ ਤੱਕ ਪਹੁੰਚਦੀਆਂ ਨੇ, ਜਿਵੇਂ "ਪੰਜਾਬੀ ਕਵਿਤਾ" ਦੀ ਜਾਗੀਰ ਹੋਵੇ ਤੇ 'ਲਹਿਰ' ਨਾਮੀ ਲੁਟੇਰਾ ਉਸ ਵਿਚੋਂ ਕੁਝ ਲੁੱਟ ਕੇ ਲੈ ਗਿਆ ਹੋਵੇ। ਜ਼ਾਹਿਰ ਹੈ ਕਿ ਇਸ ਸੰਕਲਪ ਦੇ ਧਾਰਨੀਆਂ ਦੇ ਮਨਾਂ ਵਿੱਚ ਕਵਿਤਾ ਦੀ ਪਿਛਲੇ ਭਾਗ ਵਿੱਚ ਚਰਚਿਤ ਆਮ (Geneirc) ਪਰਿਭਾਸ਼ਾ ਨਹੀਂ, ਸਗੋਂ ਆਪਣੀ ਹੀ ਕੋਈ ਨਿੱਜੀ (Pirvate) ਪਰਿਭਾਸਾ ਅਟਕੀ ਹੁੰਦੀ ਹੈ, ਸੁਚੇਤ ਜਾਂ ਅਚੇਤ ਤੌਰ 'ਤੇ। ਅਜਿਹੀ ਪਰਿਭਾਸ਼ਾ 'ਤਰਕ' ਦੀ ਥਾਂ ਨਿੱਜੀ ਪਸੰਦ ਜਾਂ ਹਿੱਤ-ਪੂਰਤੀ ਦੇ ਕਿੱਲੇ ਨਾਲ ਬੰਨ੍ਹੀ ਹੁੰਦੀ ਹੈ।

ਇੱਥੇ ਮੈਂ ਦੋ ਮਿਸਾਲਾਂ ਹੀ ਦਿੱਤੀਆਂ ਨੇ, ਕਵਿਤਾ ਦੀ ਮੁੱਢਲੀ/ਵਿਆਪਕ ਪਰਿਭਾਸ਼ਾ ਹੀ ਧੁੰਦਲਾਉਣ, ਵਿਗਾੜਨ ਯਾਨਿ ਭ੍ਰਿਸ਼ਟ ਕਰਨ ਲਈ ਹੋਰ ਅਨੇਕਾਂ ਪ੍ਰਸਥਿਤੀਆਂ ਪੇਸ਼ ਕੀਤੀਆਂ ਜਾ ਸਕਦੀਆਂ ਨੇ। ਅਜਿਹੇ ਭ੍ਰਿਸ਼ਟਾਚਾਰ ਨੂੰ ਅਸੀਂ "ਬੌਧਿਕ ਭ੍ਰਿਸ਼ਟਾਚਾਰ" ਕਹਿ ਸਕਦੇ ਹਾਂ, ਜੋ "ਪਦਾਰਥਕ ਭ੍ਰਿਸ਼ਟਾਚਾਰ" ਦੀਆਂ ਰੋਟੀਆਂ ਸੇਕਣ ਲਈ ਬਾਲਣ ਦਾ ਕੰਮ ਕਰਦਾ ਹੈ। ਜਿਵੇਂ ਅਸੀਂ ਦੇਖਿਆ ਹੈ, "ਮੈਂ ਤੈਨੂੰ ਕਵੀ ਹੀ ਨਹੀਂ ਮੰਨਦਾ" ਵਾਲੀ ਅਲਾਮਤ ਕਵਿਤਾ ਦੀ ਵਿਆਪਕ ਪਰਿਭਾਸ਼ਾ ਦੀ ਉਲੰਘਣਾ ਵਿੱਚੋਂ ਉਪਜਦੀ ਹੈ। ਮੁੱਖ ਧਾਰਾ ਦਾ ਐਬ ਹੋਣ ਕਾਰਨ ਇਹ ਸਮਾਂ ਪਾ ਕੇ ਕੁਝ ਪ੍ਰਗਤੀਸ਼ੀਲ ਹਲਕਿਆਂ ਵਿੱਚ ਵੀ ਘੁਸਪੈਠ ਕਰ ਜਾਂਦਾ ਹੈ।

*(ਬਾਕੀ ਅਗਲੇ ਅੰਕ ਵਿੱਚ)*

# ਗੁਰੂ ਨਾਨਕ ਦੇਵ ਜੀ ਦੇ ਮੁਸਲਮਾਨ ਸ਼ਰਧਾਲੂ




*"ਸਿੱਖਾਂ ਤੇ ਮੁਸਲਮਾਨਾਂ ਦੀ ਇਤਿਹਾਸਕ ਸਾਂਝ" ਪੁਸਤਕ ਨੌਜਵਾਨ ਲੇਖਕ ਅਲੀ ਰਾਜਪੁਰਾ ਵਲੋਂ ਖੋਜ ਕਰ ਕੇ ਤਿਆਰ ਕੀਤੀ ਗਈ ਭਾਈਚਾਰਕ ਸਾਂਝ ਸਬੰਧੀ ਇੱਕ ਪੜ੍ਹਨਯੋਗ ਪੁਸਤਕ ਹੈ। ਲੇਖਕ ਅਨੁਸਾਰ ਇਸ ਵਿਸ਼ੇ ਸਬੰਧੀ ਪਹਿਲਾਂ ਪ੍ਰਕਾਸ਼ਿਤ ਪੁਸਤਕਾਂ ਵਿਚੋਂ ਹਵਾਲੇ ਦੇਣ ਦੀ ਥਾਂ ਉਸ ਨੇ ਸਬੰਧਤ ਸਮੁੱਚੀਆਂ ਥਾਵਾਂ ਉਤੇ ਜਾ ਕੇ ਵੇਰਵੇ ਇਕੱਤਰ ਕੀਤੇ ਹਨ। ਕੁਝ ਵਰ੍ਹੇ ਪਹਿਲਾਂ ਲਿਖੀ ਉਸ ਦੀ ਧਾਰਮਿਕ ਪੁਸਤਕ "ਵੱਡਾ ਘੱਲੂਘਾਰਾ: 1762 ਦਾ ਸ਼ਹੀਦੀ ਸਾਕਾ" ਦੇ ਦੋ ਐਡੀਸ਼ਨਾਂ ਦੀਆਂ ਕਰੀਬ ਪੰਦਰਾਂ ਹਜ਼ਾਰ ਕਾਪੀਆਂ ਮੁਫ਼ਤ ਵੰਡੀਆਂ ਜਾ ਚੁੱਕੀਆਂ ਹਨ। ਉਸ ਦੀ ਇੱਕ ਪੁਸਤਕ "ਹਿਜਰ ਤੈਂਡੜਾ" ਉਤੇ ਐਮ. ਫਿਲ ਹੋ ਚੁੱਕੀ ਹੈ ਅਤੇ ਉਸ ਦੀਆਂ ਕੁਝ ਪੁਸਤਕਾਂ ਦਾ ਹਿੰਦੀ, ਉਰਦੂ ਅਤੇ ਅੰਗਰੇਜ਼ੀ ਵਿੱਚ ਅਨੁਵਾਦ ਹੋ ਚੁੱਕਾ ਹੈ। ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਸਮੇਂ 15 ਅਗਸਤ 2017 ਦੇ ਦਿਨ ਸੁਤੰਤਰਤਾ ਦਿਵਸ ਨੂੰ ਸਮਰਪਿਤ ਗੁਰਦਾਸਪੁਰ ਵਿੱਚ ਹੋਏ ਸੂਬਾ ਪੱਧਰੀ ਸਮਾਗਮ ਵਿੱਚ ਅਲੀ ਰਾਜਪੁਰਾ ਨੂੰ "ਸਟੇਟ ਐਵਾਰਡ" ਨਾਲ ਨਿਵਾਜਿਆ ਗਿਆ ਸੀ। ਉਹ ਜ਼ਿਲ੍ਹਾ ਪਟਿਆਲਾ ਦੇ ਪਿੰਡ ਗੁਰਦਿੱਤਪੁਰਾ (ਨੱਤਿਆਂ) ਦਾ ਜੰਮਪਲ ਹੈ, ਪਰ ਰਹਿੰਦਾ ਰਾਜਪੁਰਾ ਹੈ; ਤੇ ਅਸਲ ਨਾਂ ਅਲੀ ਮੁਹੰਮਦ ਹੈ। ਉਸ ਦੀਆਂ ਚਰਚਿਤ ਪੁਸਤਕਾਂ ਵਿੱਚ 'ਕਰਮੋ', 'ਕਲਪਦੀਆਂ ਰੂਹਾਂ', 'ਲੋਕ ਕਥਾਵਾਂ ਦਾ ਬਾਦਸ਼ਾਹ ਕੁਲਦੀਪ ਮਾਣਕ', 'ਕਵੀਸ਼ਰੀ ਦਾ ਥੰਮ੍ਹ ਰਣਜੀਤ ਸਿੰਘ ਸਿੱਧਵਾਂ', 'ਕਵੀਸ਼ਰ ਜੋਗਾ ਸਿੰਘ ਜੋਗੀ: ਜੀਵਨ ਤੇ ਰਚਨਾ', 'ਪੰਜਾਬੀ ਗਾਇਕੀ ਦੇ ਸੱਤ ਸਮੁੰਦਰ', 'ਪੰਜਾਬੀ ਭਾਸ਼ਾ ਦਾ ਭਵਿੱਖ', 'ਗਦਰ ਇਤਿਹਾਸ 1914', 'ਵੱਡਾ ਘੱਲੂਘਾਰਾ: 1762 ਦਾ ਸ਼ਹੀਦੀ ਸਾਕਾ', 'ਕਿੱਸਾਕਾਰੀ ਦਾ ਕਿੱਸਾ ਕਰਨੈਲ ਸਿੰਘ ਰਾਮੂਵਾਲੀਆ' ਸ਼ਾਮਲ ਹਨ। ਉਹ ਹੁਣ ਤੱਕ 19 ਪੁਸਤਕਾਂ ਲਿਖ ਚੁੱਕਾ ਹੈ। ਅਸੀਂ ਸੁਹਿਰਦ ਪਾਠਕਾਂ ਲਈ "ਸਿੱਖਾਂ ਤੇ ਮੁਸਲਮਾਨਾਂ ਦੀ ਇਤਿਹਾਸਕ ਸਾਂਝ" ਪੁਸਤਕ ਨੂੰ 'ਪੰਜਾਬੀ ਪਰਵਾਜ਼' ਵਿੱਚ ਲੜੀਵਾਰ ਛਾਪਣ ਦੀ ਖੁਸ਼ੀ ਲੈ ਰਹੇ ਹਾਂ...*



**ਅਲੀ ਰਾਜਪੁਰਾ**
ਫੋਨ: +91-94176-79302

## ਸੁਲਤਾਨ ਹਮੀਦ

ਸੁਲਤਾਨ ਹਮੀਦ ਹੰਕਾਰੀ ਰਾਜਾ ਸੀ, ਜਿਸ ਦੇ ਦਿਲ ਵਿਚ ਫ਼ਕੀਰਾਂ-ਪੀਰਾਂ ਲਈ ਕੋਈ ਜਗ੍ਹਾ ਨਹੀਂ ਸੀ। ਉਹ ਕੱਟੜ ਖ਼ਿਆਲਾਂ ਦਾ ਧਾਰਨੀ ਸੀ। ਜਦੋਂ ਸ੍ਰੀ ਗੁਰੂ ਨਾਨਕ ਦੇਵ ਜੀ ਮਦੀਨੇ ਤੋਂ ਵਾਪਸੀ ਵੇਲੇ ਕਾਹਿਰਾ ਗਏ ਤਾਂ ਉਨ੍ਹਾਂ ਦਾ ਮੇਲ ਸੁਲਤਾਨ ਹਮੀਦ ਨਾਲ ਹੋਇਆ ਸੀ। ਗੁਰੂ ਜੀ ਨਾਲ ਉਸ ਦੀ ਲੰਬੀ ਵਿਚਾਰ-ਚਰਚਾ ਹੋਈ। ਗੁਰੂ ਜੀ ਨੇ ਵਿਚਾਰ-ਚਰਚਾ ਦੌਰਾਨ ਦੱਸਿਆ, "ਰੱਬ ਬੰਦਿਆ ਤੋਂ ਵੱਖਰਾ ਹੋ ਕੇ ਅਸਮਾਨ ਵਿੱਚ ਕਿਤੇ ਲੁਕ ਕੇ ਨਹੀਂ ਬੈਠਾ, ਉਹ ਤਾਂ ਕੁਦਰਤ ਦੇ ਕਣ-ਕਣ ਵਿੱਚ ਸਮਾਇਆ ਹੋਇਆ ਹੈ। ਉਹ ਕੁਦਰਤ ਦਾ ਖ਼ੁਦ ਰਚਨਹਾਰ ਹੈ। ਮੁਸਲਮਾਨਾਂ ਨੂੰ ਸਿਰਫ ਸ਼ਰ੍ਹਾ ਅਤੇ ਸ਼ਰੀਅਤ ਨੂੰ ਪੜ੍ਹਨਾ ਤੇ ਪੜ੍ਹਾਉਣਾ ਹੀ ਕਾਫ਼ੀ ਨਹੀਂ ਹੈ, ਹਰ ਮੁਸਲਮਾਨ ਨੂੰ ਸ਼ਰੀਅਤ 'ਤੇ ਅਮਲ ਵੀ ਕਰਨਾ ਚਾਹੀਦਾ ਹੈ। ਸੱਚ ਦੇ ਰਾਹ 'ਤੇ ਤੁਰਨਾ ਸਜਦੇ ਦੇ ਬਰਾਬਰ ਹੈ।" ਗੁਰੂ ਜੀ ਹਮੀਦ ਦੀ ਵਿਚਾਰਧਾਰਾ ਤੋਂ ਜਲਦੀ ਜਾਣੂੰ ਹੋ ਗਏ ਅਤੇ ਉਨ੍ਹਾਂ ਨੇ ਉਸ ਨੂੰ ਹੰਕਾਰ, ਕੱਟੜਤਾ, ਲੋਭ-ਲਾਲਸਾ ਤੇ ਜ਼ੁਲਮ ਤਿਆਗ ਕੇ ਸਦਾ ਨਿਵ ਕੇ ਚੱਲਣ ਦੀ ਸਲਾਹ ਦਿੱਤੀ। ਉਹ ਗੁਰੂ ਜੀ ਦੇ ਵਿਚਾਰਾਂ ਤੋਂ ਪ੍ਰਭਾਵਿਤ ਹੋ ਗੁਰੂ ਜੀ ਦੇ ਲੜ ਲੱਗ ਗਿਆ।

## ਬਾਬਰ

ਮੱਕਾ ਮਦੀਨਾ ਦੀ ਉਦਾਸੀ, ਜਿਸ ਨੂੰ ਮੁਸਲਮਾਨ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਹੱਜ ਯਾਤਰਾ ਵੀ ਕਹਿੰਦੇ ਹਨ, ਤੋਂ ਵਾਪਸੀ ਵੇਲੇ ਗੁਰੂ ਜੀ ਨੇ ਭਾਈ ਲਾਲੋ ਕੋਲ ਠਹਿਰ ਕੀਤੀ ਸੀ। ਗੁਰੂ ਜੀ ਨੇ ਕਾਬਲ ਕੰਧਾਰ ਦੇ ਹਾਲਾਤਾਂ ਨੂੰ ਦੇਖ ਕੇ ਭਵਿੱਖਵਾਣੀ ਕਰ ਦਿੱਤੀ ਸੀ ਕਿ ਬਾਬਰ "ਜ਼ੁਲਮ ਦੀ ਜੰਞ ਲੈ ਕੇ ਹਿੰਦੋਸਤਾਨ ਦਾ ਅਮਨ ਆਮਾਨ ਵਿਆਹੁਣ ਆ ਰਿਹਾ ਹੈ," ਜਿਸ ਬਾਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਸਾਹਿਬ ਦਾ ਸ਼ਬਦ ਹੈ:

ਜੈਸੀ ਮੈ ਆਵੈ ਖਸਮ ਕੀ ਬਾਣੀ
ਤੈਸੜਾ ਕਰੀ ਗਿਆਨੁ ਵੇ ਲਾਲੋ॥
ਪਾਪ ਕੀ ਜੰਞ ਲੈ ਕਾਬਲਹੁ ਧਾਇਆ
ਜੋਰੀ ਮੰਗੈ ਦਾਨੁ ਵੇ ਲਾਲੋ॥
ਸਰਮੁ ਧਰਮੁ ਦੁਇ ਛਪਿ ਖਲੋਏ
ਕੂੜੁ ਫਿਰੈ ਪਰਧਾਨੁ ਵੇ ਲਾਲੋ॥ (ਅੰਗ 722)

ਕਿਉਂਕਿ ਉਸ ਸਮੇਂ ਹਾਕਮ ਆਪਣੀ ਪ੍ਰਜਾ ਪ੍ਰਤੀ ਫ਼ਰਜ਼ਾਂ ਨੂੰ ਭੁੱਲ ਕੇ ਆਪੋਧਾਪੀ, ਐਸ਼-ਪ੍ਰਸਤੀ ਵਿਚ ਪੈ ਚੁੱਕੇ ਸਨ। ਕੁਝ ਸਾਖੀਆਂ ਅਨੁਸਾਰ ਜਦੋਂ ਸ੍ਰੀ ਗੁਰੂ ਨਾਨਕ ਦੇਵ ਜੀ ਐਮਨਾਬਾਦ ਸਨ ਤਾਂ ਬਾਬਰ ਨੇ ਉੱਥੋਂ ਦੇ ਵਸਨੀਕਾਂ ਤੇ ਗੁਰੂ ਜੀ ਨੂੰ ਬੰਦੀ ਬਣਾ ਲਿਆ। ਲੋਕ ਰੋ ਰਹੇ ਸਨ। ਗੁਰੂ ਜੀ, ਭਾਈ ਮਰਦਾਨਾ ਤੇ ਭਾਈ ਲਾਲੋ ਸ਼ੁਕਰ ਦੇ ਗੀਤ ਗਾ ਰਹੇ ਸਨ, ਕਿਉਂਕਿ ਇਸ ਬਾਰੇ ਗੁਰੂ ਜੀ ਪਹਿਲਾਂ ਹੀ ਜਾਣੂੰ ਸਨ। ਗੁਰੂ ਜੀ ਦਾ ਕਹਿਣਾ ਸੀ ਕਿ ਦੇਸ਼ ਆਪਣੀ ਅਣਗਹਿਲੀ ਦੀ ਸਜ਼ਾ ਭੁਗਤ ਰਿਹਾ ਹੈ। ਜਦੋਂ ਬਾਬਰ ਨੇ ਇਨ੍ਹਾਂ ਨੂੰ ਸ਼ੁਕਰ ਦੇ ਗੀਤ ਗਾਉਂਦਿਆਂ ਸੁਣਿਆ ਤਾਂ ਗੁਰੂ ਜੀ ਨੂੰ ਰਿਹਾਅ ਕਰਨ ਦਾ ਹੁਕਮ ਦਿੱਤਾ। ਗੁਰੂ ਜੀ ਨੇ ਆਪਣੀ ਇਕੱਲਿਆਂ ਦੀ ਰਿਹਾਈ ਤੋਂ ਜਵਾਬ ਦੇ ਦਿੱਤਾ। ਬਾਬਰ ਨੇ ਗੁਰੂ ਜੀ ਦੇ ਕਹਿਣ 'ਤੇ ਸਭ ਨੂੰ ਰਿਹਾਅ ਕਰ ਦਿੱਤਾ ਤੇ ਕਿਹਾ ਕਿ ਮੈਨੂੰ ਆਪ ਜੀ ਦੀ ਰੂਹ 'ਚੋਂ ਖ਼ੁਦਾ ਦੇ ਦੀਦਾਰ ਹੋਏ ਹਨ। ਬਾਬਰ ਰਿਹਾਈ ਪਿੱਛੋਂ ਕਹਿਣ ਲੱਗਿਆ, "ਮੈਨੂੰ ਕੋਈ ਉਪਦੇਸ਼ ਦਿਓ।" ਗੁਰੂ ਨਾਨਕ ਦੇਵ ਜੀ ਕਹਿਣ ਲੱਗੇ, "ਸਹੀ ਫ਼ੈਸਲਿਆਂ ਨਾਲ ਨਿਆਂ ਕਰੋ, ਭਲੇ-ਬੰਦਗੀ ਵਾਲੇ ਇਨਸਾਨਾਂ ਦਾ ਸਤਿਕਾਰ ਕਰੋ, ਤੈਨੂੰ ਸ਼ਰਾਬ ਦਾ ਸੇਵਨ ਬਿਲਕੁਲ ਛੱਡ ਦੇਣਾ ਚਾਹੀਦਾ ਏ, ਜੂਆ ਸੱਚੇ ਮੁਸਲਮਾਨ ਲਈ ਹਰਾਮ ਹੈ।" ਬਾਬਰ ਗੁਰੂ ਜੀ ਦੇ ਉਪਦੇਸ਼ਾਂ 'ਤੇ ਅਮਲ ਕਰਦਾ ਹੋਇਆ ਸਾਰੇ ਐਬ ਤਿਆਗ ਕੇ ਗੁਰੂ ਜੀ ਦੇ ਲੜ ਲੱਗ ਗਿਆ।

## ਖ਼ਲੀਫਾ ਬੱਕਰ

ਗੁਰੂ ਨਾਨਕ ਦੇਵ ਜੀ ਉਦਾਸੀਆਂ ਦੌਰਾਨ ਜਦੋਂ ਬਗਦਾਦ ਪਹੁੰਚੇ ਤਾਂ ਪੂਰਬ ਵੱਲ ਪਹਾੜੀ ਹੇਠਾਂ ਬਿਰਾਜਮਾਨ ਹੋਏ। ਗੁਰੂ ਜੀ ਨੇ ਇਸ ਅਸਥਾਨ ਉੱਤੇ ਬੈਠ ਕੇ ਬੰਦਗੀ ਕਰਨੀ ਸ਼ੁਰੂ ਕਰ ਦਿੱਤੀ। ਸ੍ਰੀ ਗੁਰੂ ਨਾਨਕ ਦੇਵ ਜੀ ਬਾਰੇ ਜਦੋਂ ਖ਼ਲੀਫਾ ਬੱਕਰ ਨੂੰ ਪਤਾ ਲੱਗਿਆ ਤਾਂ ਉਹ ਵੀ ਗੁਰੂ ਜੀ ਦੇ ਦਰਸ਼ਨਾਂ ਲਈ ਆਇਆ। ਖ਼ਲੀਫਾ ਬੱਕਰ ਇੱਕ ਮੁਸਲਮਾਨ ਬਾਦਸ਼ਾਹ ਸੀ, ਜੋ ਕਰਾਮਤਾਂ ਵਿਚ ਯਕੀਨ ਰੱਖਦਾ ਸੀ। ਖ਼ਲੀਫਾ ਦੇ ਦਾਦਾ ਜੀ ਦਾ ਨਾਂ ਖ਼ਲੀਫਾ ਵਲੀਦ ਸੀ। ਇਹ ਆਪ ਅਬਦੁੱਲ ਰਹਿਮਾਨ ਦਾ ਉਸਤਾਦ ਸੀ। ਇਸ ਦਾ ਸੁਭਾਅ ਕਠੋਰ ਸੀ ਤੇ ਇਹ ਬਗਦਾਦ ਫੇਰੀ ਪਾਉਣ ਆਏ ਫਕੀਰਾਂ-ਸਾਧੂਆਂ ਨੂੰ ਕੈਦ ਕਰ ਲੈਂਦਾ ਸੀ। ਜਦੋਂ ਇਹ ਗੁਰੂ ਜੀ ਦੇ ਕੋਲ ਦਰਸ਼ਨਾਂ ਲਈ ਆਇਆ ਤਾਂ ਗੁਰੂ ਜੀ ਨੂੰ ਕਰਾਮਾਤ ਦਿਖਾਉਣ ਲਈ ਕਹਿਣ ਲੱਗਿਆ। ਗੁਰੂ ਜੀ ਬੋਲੇ ਕਿ ਸਾਧੂ-ਸੰਤ ਨੂੰ ਕਰਾਮਾਤਾਂ ਨਹੀਂ ਦਿਖਾਉਣੀਆਂ ਚਾਹੀਦੀਆਂ, ਤੂੰ ਰੱਬ ਤੋਂ ਡਰ, ਕੈਦ ਕੀਤੇ ਸਾਧੂ-ਸੰਤ ਰੱਬ ਦੇ ਬੰਦੇ ਹਨ, ਤੂੰ ਇਨ੍ਹਾਂ ਨੂੰ ਰਿਹਾਅ ਕਰ ਦੇ। ਰੱਬ ਤੈਨੂੰ ਪੁੱਤਰ ਦੀ ਦਾਤ ਬਖ਼ਸ਼ੇਗਾ। ਖ਼ਲੀਫਾ ਗੁਰੂ ਜੀ ਦੇ ਬੋਲ ਸੁਣ ਕੇ ਹੈਰਾਨ ਹੋ ਗਿਆ। ਉਸ ਦੇ ਕੈਦ ਕੀਤੇ ਸਾਧੂ-ਫ਼ਕੀਰ ਰਿਹਾਅ ਕਰ ਦਿੱਤੇ। ਉਹ ਪੱਕੇ ਤੌਰ 'ਤੇ ਗੁਰੂ ਜੀ ਦਾ ਸ਼ਰਧਾਲੂ ਬਣ ਗਿਆ।

## ਸਾਈਂ ਬੁੱਢਣ ਸ਼ਾਹ

ਕੀਰਤਪੁਰ ਸਾਹਿਬ, ਸਤਲੁਜ ਦਰਿਆ ਦੇ ਨੇੜੇ ਇਕ ਪਹਾੜੀ 'ਤੇ ਸਾਈਂ ਬੁੱਢਣ ਸ਼ਾਹ ਨਾਂ ਦਾ ਫ਼ਕੀਰ ਰਹਿੰਦਾ ਸੀ। ਜਿਸ ਨੇ ਬੱਕਰੀਆਂ ਤੇ ਸ਼ੇਰ ਇਕੱਠੇ ਰੱਖੇ ਹੋਏ ਦੱਸੇ ਜਾਂਦੇ ਹਨ। ਉਦਾਸੀਆਂ ਕਰਨ ਵੇਲੇ ਇਨ੍ਹਾਂ ਦਾ ਮੇਲ ਗੁਰੂ ਨਾਨਕ ਦੇਵ ਜੀ ਨਾਲ ਹੋਇਆ। ਸਾਈਂ ਬੁੱਢਣ ਸ਼ਾਹ ਨੇ ਗੁਰੂ ਜੀ ਨੂੰ ਕਿਹਾ ਕਿ ਇਸ ਤਰ੍ਹਾਂ ਰੱਬ ਦੀ ਬੰਦਗੀ ਕਰਨੀ ਔਖੀ ਹੈ। ਬੰਦਗੀ ਲਈ ਇਕਾਂਤ-ਇਕਾਗਰਤਾ ਦਾ ਹੋਣਾ ਬਹੁਤ ਜ਼ਰੂਰੀ ਹੈ। ਇੰਨਾ ਸੁਣ ਕੇ ਗੁਰੂ ਜੀ ਨੇ ਕਿਹਾ ਕਿ ਸਭ ਤੋਂ ਵੱਡੀ ਇਕਾਂਤ-ਇਕਾਗਰਤਾ ਮਨੁੱਖ ਨੂੰ ਹਰ ਘੜੀ ਆਪਣੇ ਸਾਹਾਂ ਦੇ ਨੇੜੇ ਮਹਿਸੂਸ ਕਰਨਾ ਚਾਹੀਦਾ ਹੈ, ਜਿਸ ਨਾਲ ਉਸ ਦੀ ਸੁਰਤੀ ਭੰਗ ਨਾ ਹੋਵੇ। ਸਤਿਸੰਗਤ ਕਰਨ ਨਾਲ ਜੀਵਨ ਰੂਪੀ ਫੁੱਲ ਪੱਕਦਾ ਹੈ। ਸਾਈਂ ਜੀ ਗੁਰੂ ਜੀ ਦੇ ਬਚਨਾਂ ਤੋਂ ਪ੍ਰਭਾਵਿਤ ਹੋਏ ਤੇ ਕਹਿਣ ਲੱਗੇ ਕਿ ਆਪ ਜੀ ਹਮੇਸ਼ਾ ਮੇਰੇ ਕੋਲ ਰਹੋ ਤੇ ਮੈਂ ਆਪ ਜੀ ਦੀ ਸੰਗਤ ਕਰਨੀ ਲੋਚਦਾ ਹਾਂ।

ਜਦੋਂ ਸਾਈਂ ਜੀ ਨੇ ਗੁਰੂ ਜੀ ਨੂੰ ਪੀਣ ਲਈ ਦੁੱਧ ਭੇਟ ਕੀਤਾ ਤਾਂ ਗੁਰੂ ਨਾਨਕ ਦੇਵ ਜੀ ਕਹਿਣ ਲੱਗੇ, "ਇਹ ਸਾਡੀ ਅਮਾਨਤ ਹੈ, ਅਸੀਂ ਫੇਰ ਛਕਾਂਗੇ...।" ਸਮਾਂ ਪਾ ਕੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਕੀਰਤਪੁਰ ਪਹੁੰਚੇ ਤਾਂ ਬੁੱਢਣ ਸ਼ਾਹ ਬੰਦਗੀ ਵਿਚ ਲੀਨ ਸਨ। ਗੁਰੂ ਹਰਿਗੋਬਿੰਦ ਜੀ ਨੇ ਕਿਹਾ, "ਸਾਈਂ ਜੀ ਨੇਤਰ ਖੋਲ੍ਹੋ...।" ਸਾਈਂ ਜੀ ਗੁਰੂ ਜੀ ਨੂੰ ਸਾਹਮਣੇ ਖੜ੍ਹਾ ਦੇਖ ਬਹੁਤ ਖੁਸ਼ ਹੋਏ। ਸਾਈਂ ਜੀ ਨੇ ਗੁਰੂ ਜੀ ਦੁਆਰਾ ਸੰਭਾਲੀ ਅਮਾਨਤ ਦੁੱਧ ਗੁਰੂ ਹਰਿਗੋਬਿੰਦ ਸਾਹਿਬ ਨੂੰ ਛਕਾਇਆ। ਸਾਈਂ ਜੀ ਦੀ ਉਸ ਜਗ੍ਹਾ ਕਬਰ ਅੱਜ ਵੀ ਮੌਜੂਦ ਹੈ।

## ਸ਼ਾਹ ਸ਼ਰਫ

ਗੁਰੂ ਨਾਨਕ ਦੇਵ ਜੀ ਅਤੇ ਭਾਈ ਮਰਦਾਨਾ ਜਦੋਂ ਪਾਣੀਪਤ ਵਿਖੇ ਸ਼ੇਖ਼ ਤਤੀਹਾਰ ਕੋਲ ਪਹੁੰਚੇ ਤਾਂ ਉਸ ਨੇ ਗੁਰੂ ਜੀ ਤੇ ਭਾਈ ਮਰਦਾਨਾ ਜੀ ਦੀ ਦਿਲ ਖੋਲ੍ਹ ਕੇ ਆਓ ਭਗਤ ਕੀਤੀ। ਪਾਣੀਪਤ ਵਿਚ ਹੀ ਸ਼ਾਹ ਸ਼ਰਫ ਨਾਂ ਦਾ ਇਕ ਸੂਫ਼ੀ ਫ਼ਕੀਰ ਰਹਿੰਦਾ ਸੀ, ਜਿਸ ਦੀ ਮਾਨਤਾ ਕਾਫ਼ੀ ਸੀ। ਸ਼ਾਹ ਸ਼ਰਫ ਬਾਰੇ ਜਦੋਂ ਗੁਰੂ ਜੀ ਨੂੰ ਪਤਾ ਲੱਗਿਆ ਤਾਂ ਗੁਰੂ ਜੀ ਸ਼ੇਖ਼ ਤਤੀਹਾਰ ਦਰਵੇਸ਼ ਨੂੰ ਨਾਲ ਲੈ ਕੇ ਸ਼ਾਹ ਸ਼ਰਫ ਦੇ ਡੇਰੇ 'ਤੇ ਪਹੁੰਚ ਗਏ। ਸ਼ਾਹ ਸ਼ਰਫ ਉੱਝ ਸੂਫ਼ੀ ਸੰਤ ਸੀ, ਪਰ ਉਸ ਨੂੰ ਆਪਣੀ ਕਲਾ 'ਤੇ ਬਹੁਤ ਮਾਣ ਸੀ। ਡੇਰੇ ਪਹੁੰਚਣ 'ਤੇ ਉਸ ਨੇ ਗੁਰੂ ਜੀ ਨੂੰ ਸਵਾਲ ਕੀਤਾ ਕਿ ਤੁਸੀਂ ਗ੍ਰਹਿਸਥੀਆਂ ਵਾਲਾ ਪਹਿਰਾਵਾ ਕਿਉਂ ਪਹਿਨਿਆ ਹੋਇਆ ਹੈ। ਜਦੋਂ ਤੁਸੀਂ ਸੰਸਾਰ ਤਿਆਗ ਹੀ ਦਿੱਤਾ ਹੈ ਤਾਂ ਫਿਰ ਆਹ ਦਾੜ੍ਹੀ-ਕੇਸ ਕਿਉਂ ਰੱਖੇ ਹੋਏ ਹਨ? ਗੁਰੂ ਸਾਹਿਬ ਜੀ ਨੇ ਉਸ ਦੇ ਸਵਾਲਾਂ ਦਾ ਜਵਾਬ ਦਿੰਦਿਆ ਕਿਹਾ, "ਅਸਲੀ ਸਾਧੂ-ਸੰਤ ਬਣਨ ਲਈ ਸਿਰ ਨਹੀਂ, ਰੂਹ ਨੂੰ ਮੁੰਨਣਾ ਜ਼ਰੂਰੀ ਹੈ। ਪਹਿਰਾਵਾ ਪਹਿਨ 'ਤੇ ਬੰਦਾ ਸੰਤ-ਮਹਾਤਮਾ ਨਹੀਂ ਬਣ ਜਾਂਦਾ, ਨੇਕ ਕਿਰਤ-ਕਮਾਈ ਬੰਦੇ ਨੂੰ ਉੱਚਾ ਚੁੱਕਦੀ ਹੈ, ਨਾ ਕਿ ਗਰਦਨ ਅਕੜਾਉਣ ਨਾਲ ਬੰਦਾ ਉੱਚਾ ਹੁੰਦਾ ਹੈ...।" ਇਸ ਤਰ੍ਹਾਂ ਗੁਰੂ ਜੀ ਦੀਆਂ ਦਲੀਲਾਂ ਅੱਗੇ ਉਸ ਦੀ ਪੇਸ਼ ਨਾ ਗਈ। ਉਸ ਦਾ ਹੰਕਾਰੀ ਮਨ ਨੀਵਾਂ ਹੋਇਆ ਤੇ ਉਸ ਨੇ ਆਪਣਾ ਆਸਣ ਛੱਡ ਕੇ ਗੁਰੂ ਜੀ ਨੂੰ ਉੱਥੇ ਬੈਠਣ ਲਈ ਬੇਨਤੀ ਕੀਤੀ। ਉਸ ਦਿਨ ਤੋਂ ਮਗਰੋਂ ਸ਼ਾਹ ਸ਼ਰਫ ਗੁਰੂ ਜੀ ਦਾ ਪੱਕਾ ਸ਼ਰਧਾਲੂ ਹੋ ਗਿਆ ਸੀ।

## ਰੌਸ਼ਨ ਜ਼ਮੀਰ

ਰੌਸ਼ਨ ਜ਼ਮੀਰ ਖੁਰਮਾ ਦਾ ਰਹਿਣ ਵਾਲਾ ਪੀਰ ਸੀ, ਜਿਸ ਨੂੰ ਆਪਣੇ-ਆਪ 'ਤੇ ਬੇਅੰਤ ਭਰਮ ਸੀ ਅਤੇ ਸੁਭਾਅ ਦਾ ਗਰਮ ਸੀ। ਜਦੋਂ ਗੁਰੂ ਨਾਨਕ ਦੇਵ ਜੀ ਬਗਦਾਦ ਤੋਂ ਹੁੰਦੇ ਹੋਏ ਰੌਸ਼ਨ ਜ਼ਮੀਰ ਕੋਲ ਪਹੁੰਚੇ ਤਾਂ ਇਸ ਨੂੰ ਕੁਦਰਤ ਦੀ ਹੋਣੀ ਦੇ ਭੇਦ ਦੱਸੇ। ਆਪਸੀ ਵਿਚਾਰ-ਚਰਚਾ ਵਿਚ ਗੁਰੂ ਜੀ ਨੇ ਮੁਸਲਮਾਨਾਂ ਦੇ ਕਲਮਾ, ਨਮਾਜ਼, ਰੋਜ਼ਾ, ਜ਼ਕਾਤ, ਸਦਕਾ ਸੁੰਨਤ ਤੇ ਫ਼ਰਜ਼ਾਂ ਦਾ ਜ਼ਿਕਰ ਕਰਦਿਆਂ ਕਿਹਾ, "ਇਨ੍ਹਾਂ ਸਾਰੀਆਂ ਰਸਮਾਂ ਤੋਂ ਉਪਰ ਉਠ ਕੇ ਹਰ ਮੁਸਲਮਾਨ ਨੂੰ ਇਸ ਵਿਚਲੇ ਰੂਹਾਨੀ ਸੱਚ ਨੂੰ ਸਮਝਣਾ ਤੇ ਨਿੱਜੀ ਜ਼ਿੰਦਗੀ ਵਿੱਚ ਢਾਲਣ ਦਾ ਯਤਨ ਕਰਨਾ ਚਾਹੀਦਾ ਹੈ।" ਤਾਂ ਰੌਸ਼ਨ ਜ਼ਮੀਰ ਦੁਆਰਾ ਕਈ ਤਰ੍ਹਾਂ ਦੇ ਪਾਏ ਹੋਏ ਭੁਲੇਖੇ ਦੂਰ ਕੀਤੇ ਅਤੇ ਉਸ ਨੇ ਗੁਰੂ ਜੀ ਦੀ ਗੱਲ ਮੰਨ ਕੇ ਨਿਮਰਤਾ ਗ੍ਰਹਿਣ ਕੀਤੀ ਤੇ ਗੁਰੂ ਜੀ ਨੂੰ ਚਾਹੁਣ ਵਾਲਿਆਂ ਦੀ ਮਾਲਾ 'ਚ ਸ਼ਾਮਲ ਹੋ ਗਿਆ।

*(ਬਾਕੀ ਅਗਲੇ ਅੰਕ ਵਿੱਚ)*